# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 10 ਅਗਸਤ 2026 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਫਰਾਂਸਿਸ ਪਾਰਕ ’ਚ ਜਗਰੂਪ ਬਰਾੜ ਦਾ ‘ਸਮਰ ਮਿਲਣੀ’ ਸਮਾਗਮ ਬਣਿਆ ਭਾਈਚਾਰਕ ਸਾਂਝ ਦਾ ਮੰਚ

### ਸਿਆਸੀ ਆਗੂਆਂ, ਸਮਰਥਕਾਂ ਤੇ ਵੱਖ-ਵੱਖ ਖੇਤਰਾਂ ਦੀਆਂ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ







ਸਰੀ, 10 ਅਗਸਤ : ਗਰਮੀ ਦੀ ਖੁਸ਼ਗਵਾਰ ਸ਼ਾਮ ਵਿੱਚ ਆਪਸੀ ਮਿਲਾਪ ਅਤੇ ਭਾਈਚਾਰਕ ਸਾਂਝ ਦਾ ਰੰਗ ਭਰਦਿਆਂ ਬ੍ਰਿਟਿਸ਼ ਕੋਲੰਬੀਆ ਦੇ ਮਾਈਨਿੰਗ ਅਤੇ ਖਣਿਜ ਮੰਤਰੀ ਜਗਰੂਪ ਸਿੰਘ ਬਰਾੜ ਵੱਲੋਂ ਸਰੀ ਦੇ ਫਰਾਂਸਿਸ ਪਾਰਕ ਵਿਖੇ ਸਮਰ ਬਾਰਬੀਕਿਊ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਸਿਆਸੀ ਹਲਕਿਆਂ ਨਾਲ ਸਬੰਧਤ ਆਗੂਆਂ ਤੋਂ ਇਲਾਵਾ ਸ. ਬਰਾੜ ਦੇ ਸਮਰਥਕਾਂ, ਦੋਸਤਾਂ ਅਤੇ ਵੱਖ-ਵੱਖ ਖੇਤਰਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਹ ਮਿਲਣੀ ਸਮੇਂ ਸਿਆਸਤ, ਭਾਈਚਾਰਕ ਸਾਂਝ, ਸਮਾਜਿਕ ਜ਼ਿੰਮੇਵਾਰੀ ਅਤੇ ਬੱਚਿਆਂ ਦੀ ਸਿਰਜਣਾਤਮਕਤਾ ਦੇ ਕਈ ਰੰਗ ਇੱਕੋ ਮੰਚ ’ਤੇ ਨਜ਼ਰ ਆਏ।

ਸਮਾਗਮ ਵਿੱਚ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਤੇ ਗੁਰਬਖਸ਼ ਸੈਣੀ, ਸਰੀ ਦੀ ਮੇਅਰ ਬਰੇਂਡਾ ਲੌਕ, ਮਾਈਕ ਸਟਾਰਚੁੱਕ, ਲਿੰਡਾ ਐਨਿਸ, ਗੈਰੀ ਬੈਂਗ ਐਮ.ਐਲ.ਏ., ਸੀਨਾ ਵਰਮਾਨੀ, ਆਮਨਾ ਸ਼ਾਹ ਐਮ.ਐਲ.ਏ. ਅਤੇ ਪ੍ਰਿਅੰਕਾ ਸਮੇਤ ਕਈ ਆਗੂਆਂ ਅਤੇ ਪਤਵੰਤਿਆਂ ਨੇ ਸ਼ਿਰਕਤ ਕੀਤੀ। ਵੱਖ-ਵੱਖ ਬੁਲਾਰਿਆਂ ਨੇ ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਆਪਸੀ ਸਹਿਯੋਗ ਅਤੇ ਭਾਈਚਾਰਕ ਭਾਗੀਦਾਰੀ ਦੀ ਮਹੱਤਤਾ ’ਤੇ ਜ਼ੋਰ ਦਿੱਤਾ।

ਮਹਿਮਾਨਾਂ ਨੇ ਸੁਆਦਲੇ ਪਕਵਾਨਾਂ ਦਾ ਆਨੰਦ ਲੈਂਦਿਆਂ ਇੱਕ-ਦੂਜੇ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਖੁਸ਼ਗਵਾਰ ਮਾਹੌਲ ਵਿੱਚ ਸਮਾਂ ਬਿਤਾਇਆ। ਪਾਰਕ ਦਾ ਮਾਹੌਲ ਆਪਸੀ ਮਿਲਾਪ ਅਤੇ ਹਾਸੇ-ਠੱਠੇ ਨਾਲ ਰੌਣਕਮਈ ਬਣਿਆ ਰਿਹਾ।

ਸਮਾਗਮ ਵਿੱਚ ਸਕੂਲੀ ਬੱਚਿਆਂ ਲਈ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ। ਬੱਚਿਆਂ ਨੇ ਪੂਰੇ ਉਤਸ਼ਾਹ ਨਾਲ ਮੁਕਾਬਲੇ ਵਿੱਚ ਹਿੱਸਾ ਲੈਂਦਿਆਂ ਆਪਣੀ ਕਲਪਨਾ ਅਤੇ ਚਿੱਤਰਕਲਾ ਦੇ ਹੁਨਰ ਨੂੰ ਕੈਨਵਸ ’ਤੇ ਉਤਾਰਿਆ। ਉਨ੍ਹਾਂ ਦੀਆਂ ਰੰਗ-ਬਿਰੰਗੀਆਂ ਰਚਨਾਵਾਂ ਨੇ ਸਮਾਗਮ ਨੂੰ ਇੱਕ ਵੱਖਰੀ ਰਚਨਾਤਮਕ ਛੋਹ ਦਿੱਤੀ।

ਮੈਟਰੋ ਵੈਨ ਹੈਲਥ ਗਰੁੱਪ ਨਾਲ ਜੁੜੇ ਉੱਦਮੀ ਨੌਜਵਾਨਾਂ ਨੇ ਹਸਪਤਾਲਾਂ ਵਿੱਚ ਇਲਾਜ ਲਈ ਜੂਝ ਰਹੇ ਲੋੜਵੰਦ ਮਰੀਜ਼ਾਂ ਦੀ ਸਹਾਇਤਾ ਵਾਸਤੇ ਚਲਾਈ ਜਾ ਰਹੀ ਫੰਡਰੇਜ਼ਿੰਗ ਮੁਹਿੰਮ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਹਾਜ਼ਰ ਲੋਕਾਂ ਨੂੰ ਇਸ ਮਨੁੱਖੀ ਕਾਰਜ ਲਈ ਆਪਣਾ ਬਣਦਾ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਇਸ ਮੌਕੇ ਉੱਘੇ ਖੇਡ ਪੱਤਰਕਾਰ ਸੰਤੋਖ ਸਿੰਘ ਮੰਡੇਰ ਵੱਲੋਂ ਸਾਬਕਾ ਡੀ.ਜੀ.ਪੀ. ਰਾਜਵੀਰ ਸਿੰਘ ਦੀ ਲਿਖੀ ਕਿਤਾਬ ‘ਐਵਰ ਅਨਵਰਡ’ ਜਗਰੂਪ ਸਿੰਘ ਬਰਾੜ ਨੂੰ ਭੇਂਟ ਕੀਤੀ ਗਈ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਹਰਚੰਦ ਸਿੰਘ ਭੰਗੂ, ਤਰਕਸ਼ੀਲ ਆਗੂ ਜਸਵਿੰਦਰ ਹੇਅਰ, ਅਜਮੇਰ ਸਿੰਘ ਭਾਗਪੁਰ, ਅਵਤਾਰ ਸਿੰਘ ਢਿੱਲੋਂ, ਪਿਕਸ ਦੇ ਸੀ.ਈ.ਓ. ਸਤਬੀਰ ਚੀਮਾ, ਗੁਰਜੀਤ ਖੁਰਾਣਾ, ਵਿਕਾਸ ਖੁਰਾਣਾ, ਜੈ ਵਿਰਦੀ, ਸੁਰਿੰਦਰ ਸੰਧੂ ਅਤੇ ਰੈਲਿਸ਼ਨੂਰ ਰੰਧਾਵਾ ਸ਼ਾਮਲ ਹੋਏ। ਅੰਤ ਵਿੱਚ ਪੇਂਟਿੰਗ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਬੱਚਿਆਂ ਨੂੰ ਜਗਰੂਪ ਸਿੰਘ ਬਰਾੜ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਸਨਮਾਨਿਤ ਕੀਤਾ ਗਿਆ। ਸ. ਬਰਾੜ ਨੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਮਹਿਮਾਨਾਂ, ਸਮਰਥਕਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

## ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ‘ਮਿਸ਼ਨ ਕਲੀਨ ਪਟਿਆਲਾ’ ਸੜਕਾਂ ਦੀ ਸਫ਼ਾਈ ਮੁਹਿੰਮ ਤਹਿਤ 3 ਦਿਨਾਂ ਵਿੱਚ ਪਟਿਆਲਾ ਦੀਆਂ ਸੜਕਾਂ ਤੋਂ ਲਗਭਗ 4 ਟਨ ਕੂੜਾ ਚੁੱਕਿਆ

### ਚੇਅਰਪਰਸਨ ਵੱਲੋਂ ਕੂੜੇ ਦੀ ਸਰੋਤ ਪੱਧਰ ’ਤੇ ਛਾਂਟੀ ਦੀ ਅਪੀਲ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 10 ਅਗਸਤ: ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਨਗਰ ਨਿਗਮ ਪਟਿਆਲਾ ਦੇ ਸਹਿਯੋਗ ਨਾਲ ਆਪਣੀ ਅਹਿਮ ‘ਮਿਸ਼ਨ ਕਲੀਨ ਪਟਿਆਲਾ’ ਮੁਹਿੰਮ ਤਹਿਤ ਅੱਜ ਭੁਪਿੰਦਰਾ ਰੋਡ ਅਤੇ ਪਾਸੀ ਰੋਡ ਵਿਖੇ ਸਫ਼ਾਈ ਮੁਹਿੰਮ ਚਲਾਈ ਗਈ। ਇਸ ਮੁਹਿੰਮ ਵਿੱਚ ਆਵਰ ਲੇਡੀ ਆਫ ਫਾਤਿਮਾ ਕਾਨਵੈਂਟ ਸਕੂਲ ਅਤੇ ਸਰਕਾਰੀ ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਉਨ੍ਹਾਂ ਦੇ ਨਾਲ ਭੁਪਿੰਦਰਾ ਰੋਡ ਮਾਰਕੀਟ ਐਸੋਸੀਏਸ਼ਨ, ਮਨੀਪਾਲ ਹਸਪਤਾਲ ਅਤੇ “ਮੇਰਾ ਪਟਿਆਲਾ ਮੈਂ ਹੀ ਸਵਾਰਾ” ਸਵੈ-ਸੇਵੀ ਨਾਗਰਿਕ ਸਮੂਹ ਦੀਆਂ ਟੀਮਾਂ ਨੇ ਵੀ ਸ਼ਮੂਲੀਅਤ ਕੀਤੀ।



ਪਾਸੀ ਰੋਡ ਅਤੇ ਭੁਪਿੰਦਰਾ ਰੋਡ ਤੋਂ 2,500 ਕਿਲੋਗ੍ਰਾਮ ਤੋਂ ਵੱਧ ਕੂੜਾ ਚੁੱਕਿਆ ਗਿਆ, ਜਿਸ ਨਾਲ ਇਸ ਮੁਹਿੰਮ ਤਹਿਤ ਤਿੰਨ ਦਿਨਾਂ ਵਿੱਚ ਸਾਫ਼ ਕੀਤੀਆਂ ਗਈਆਂ ਸੱਤ ਪ੍ਰਮੁੱਖ ਸੜਕਾਂ ਤੋਂ ਚੁੱਕੇ ਗਏ ਕੁੱਲ ਕੂੜੇ ਦੀ ਮਾਤਰਾ ਲਗਭਗ 3,900 ਕਿਲੋਗ੍ਰਾਮ ਹੋ ਗਈ ਹੈ।

ਸਫ਼ਾਈ ਮੁਹਿੰਮ ਦੌਰਾਨ ਟ੍ਰੈਫਿਕ ਪ੍ਰਬੰਧਨ ਵਿੱਚ ਸਹਿਯੋਗ ਦੇਣ ਲਈ ਨਗਰ ਨਿਗਮ ਅਤੇ ਪਟਿਆਲਾ ਟ੍ਰੈਫਿਕ ਪੁਲਿਸ ਦਾ ਧੰਨਵਾਦ ਕਰਦਿਆਂ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਰੀਨਾ ਗੁਪਤਾ ਨੇ ਕਿਹਾ ਕਿ “ਆਓ ਸਫ਼ਾਈ ਨੂੰ ਇੱਕ ਨਵਾਂ ਸਮਾਜਿਕ ਮਾਪਦੰਡ ਬਣਾਈਏ। ਅਸੀਂ ਨਾਗਰਿਕਾਂ ਅਤੇ ਸਿਵਲ ਸੋਸਾਇਟੀ ਸੰਸਥਾਵਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਮੁਹਿੰਮ ਨੂੰ ਲੋਕਾਂ ਦੀ ਅਗਵਾਈ ਵਾਲੀ ਲਹਿਰ ਵਿੱਚ ਬਦਲਣ ਲਈ ਮਿਲ ਕੇ ਅੱਗੇ ਆਉਣ, ਜੋ ਹਰ ਪੀੜ੍ਹੀ ਨੂੰ ਪ੍ਰੇਰਿਤ ਕਰੇ। ਜੇਕਰ ਹਰ ਵਿਅਕਤੀ ਹਰ ਮਹੀਨੇ ਕੁਝ ਘੰਟੇ ਵੀ ਆਪਣਾ ਯੋਗਦਾਨ ਪਾਵੇ, ਤਾਂ ਅਸੀਂ ਮਿਲ ਕੇ ਇੱਕ ਸਾਫ਼-ਸੁਥਰਾ, ਸਿਹਤਮੰਦ ਅਤੇ ਰਹਿਣ ਲਈ ਹੋਰ ਬਿਹਤਰ ਪੰਜਾਬ ਸਿਰਜ ਸਕਦੇ ਹਾਂ।”

ਪੰਜਾਬ ਨੂੰ ਭਾਰਤ ਦਾ ਸਭ ਤੋਂ ਸਾਫ਼-ਸੁਥਰਾ ਸੂਬਾ ਬਣਾਉਣ ਲਈ ਸਾਰਿਆਂ ਨੂੰ ਪ੍ਰੇਰਿਤ ਕਰਦਿਆਂ ਚੇਅਰਪਰਸਨ ਨੇ ਸਥਾਨਕ ਸਰਕਾਰ ਵਿਭਾਗ ਅਤੇ ਪੰਜਾਬ ਦੇ ਲੋਕਾਂ ਨੂੰ ਠੋਸ ਕੂੜੇ ਦੀ ਸਰੋਤ ਪੱਧਰ ’ਤੇ ਛਾਂਟੀ ਅਤੇ ਇਸ ਦੇ ਢੁੱਕਵੇਂ ਨਿਪਟਾਰੇ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ। ਸ੍ਰੀਮਤੀ ਗੁਪਤਾ ਨੇ ਸ਼ਹਿਰ ਦੀਆਂ ਸਾਰੀਆਂ ਗੈਰ-ਸਰਕਾਰੀ ਸੰਸਥਾਵਾਂ, ਸੀਨੀਅਰ ਸਿਟੀਜ਼ਨ ਐਸੋਸੀਏਸ਼ਨਾਂ, ਈਕੋ ਕਲੱਬਾਂ ਅਤੇ ਹੋਰ ਸਮਾਜਿਕ ਸੰਸਥਾਵਾਂ ਨੂੰ ਵੀ ਇਸ ਮਿਸ਼ਨ ਨਾਲ ਜੁੜਨ ਅਤੇ ਪਟਿਆਲਾ ਨੂੰ ਪੰਜਾਬ ਦਾ ਸਭ ਤੋਂ ਸਾਫ਼-ਸੁਥਰਾ ਸ਼ਹਿਰ ਬਣਾਉਣ ਵਿੱਚ ਸਹਿਯੋਗ ਦੇਣ ਦਾ ਸੱਦਾ ਦਿੱਤਾ।

ਅਪ੍ਰੈਲ 2026 ਵਿੱਚ ਸ਼ੁਰੂ ਕੀਤੇ ਗਏ ‘ਮਿਸ਼ਨ ਕਲੀਨ ਪਟਿਆਲਾ’ ਤਹਿਤ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਟਿਆਲਾ ਦੇ ਪ੍ਰਮੁੱਖ ਅਦਾਰਿਆਂ, ਇਨਫੋਰਸਮੈਂਟ ਏਜੰਸੀਆਂ ਅਤੇ ਕਮਿਊਨਿਟੀ ਗਰੁੱਪਾਂ ਨੂੰ ਇੱਕ ਮੰਚ ’ਤੇ ਲਿਆਂਦਾ ਗਿਆ ਹੈ। ਮੁਹਿੰਮ ਦੇ ਪਹਿਲੇ ਪੜਾਅ ਵਿੱਚ ਲਗਭਗ 30 ਸੰਸਥਾਵਾਂ ਨੇ ਭਾਗ ਲਿਆ ਅਤੇ ਸਫ਼ਾਈ ਮੁਹਿੰਮਾਂ ਤੇ ਵਾਤਾਵਰਣ ਸੰਭਾਲ ਲਈ 30 ਤੋਂ ਵੱਧ ਜਨਤਕ ਥਾਵਾਂ ਨੂੰ ਅਪਣਾਇਆ। ਇਨ੍ਹਾਂ ਵਿੱਚ ਪਟਿਆਲਾ ਸ਼ਹਿਰ ਦੇ 18 ਸਕੂਲ, 10 ਕਾਲਜ ਅਤੇ ਚਾਰ ਸਰਕਾਰੀ ਸੰਸਥਾਵਾਂ ਸ਼ਾਮਲ ਸਨ।

ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਜੁਲਾਈ 2026 ਵਿੱਚ ਹੋਈ, ਜਿਸ ਵਿੱਚ ਸੱਤ ਹੋਰ ਸੰਸਥਾਵਾਂ ਸ਼ਾਮਲ ਹੋਈਆਂ ਹਨ। ਇਸ ਨਾਲ ਮੁਹਿੰਮ ਵਿੱਚ ਭਾਗ ਲੈਣ ਵਾਲੀਆਂ ਸੰਸਥਾਵਾਂ ਦੀ ਕੁੱਲ ਗਿਣਤੀ ਵੱਧ ਕੇ 39 ਹੋ ਗਈ ਹੈ।

## ਫਰੀਮੌਂਟ ਵਿੱਚ 27 ਸਤੰਬਰ 2026 ਨੂੰ ਹੋਵੇਗੀ ਵਿਪਸਾ ਦੀ 26ਵੀਂ ਅੰਤਰਰਾਸ਼ਟਰੀ ਕਾਨਫਰੰਸ

### ਡਾ. ਨਬੀਲਾ ਰਹਿਮਾਨ, ਡਾ. ਰਾਜੇਸ਼ ਸ਼ਰਮਾ ਤੇ ਡਾ. ਆਤਮ ਸਿੰਘ ਰੰਧਾਵਾ ਵਿਸ਼ੇਸ਼ ਤੌਰ ’ਤੇ ਹੋਣਗੇ ਸ਼ਾਮਲ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਹੇਵਰਡ, 10 ਅਗਸਤ : ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ), ਕੈਲੀਫੋਰਨੀਆ ਵੱਲੋਂ ਸਿਲਵਰ ਜੁਬਲੀ ਸਮਾਗਮ ਦੀ ਸਫ਼ਲਤਾ ਤੋਂ ਬਾਅਦ ਹੁਣ ਆਪਣੀ 26ਵੀਂ ਅੰਤਰਰਾਸ਼ਟਰੀ ਕਾਨਫਰੰਸ 27 ਸਤੰਬਰ 2026 ਨੂੰ ਫਰੀਮੌਂਟ ਵਿਖੇ ਕਰਵਾਈ ਜਾ ਰਹੀ ਹੈ। ਇਹ ਕਾਨਫਰੰਸ Paradise Ballroom, 4100 Peralta Boulevard, Fremont, California ਵਿਖੇ ਹੋਵੇਗੀ।







ਅਕਾਦਮੀ ਦੇ ਪ੍ਰਧਾਨ ਅਤੇ ਪ੍ਰਸਿੱਧ ਸ਼ਾਇਰ ਕੁਲਵਿੰਦਰ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਲਹਿੰਦੇ ਪੰਜਾਬ ਦੀ ਉੱਘੀ ਚਿੰਤਕ ਅਤੇ ਵਿਦਵਾਨ ਡਾ. ਨਬੀਲਾ ਰਹਿਮਾਨ, ਜਦਕਿ ਚੜ੍ਹਦੇ ਪੰਜਾਬ ਤੋਂ ਪ੍ਰਸਿੱਧ ਵਿਦਵਾਨ ਡਾ. ਰਾਜੇਸ਼ ਸ਼ਰਮਾ ਅਤੇ ਡਾ. ਆਤਮ ਸਿੰਘ ਰੰਧਾਵਾ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਣਗੇ। ਇਨ੍ਹਾਂ ਵਿਦਵਾਨਾਂ ਦੀ ਸ਼ਮੂਲੀਅਤ ਨਾਲ ਕਾਨਫਰੰਸ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੇ ਸਮਕਾਲੀ ਸਰੋਕਾਰਾਂ ’ਤੇ ਹੋਣ ਵਾਲੇ ਸੰਵਾਦ ਨੂੰ ਵਿਸ਼ੇਸ਼ ਮਹੱਤਵ ਮਿਲਣ ਦੀ ਸੰਭਾਵਨਾ ਹੈ।

ਉਨ੍ਹਾਂ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਤੋਂ ਪੰਜਾਬੀ ਦੇ ਸਾਹਿਤਕਾਰ, ਵਿਦਵਾਨ, ਬੁੱਧੀਜੀਵੀ, ਲੇਖਕ ਅਤੇ ਪੰਜਾਬੀ ਭਾਸ਼ਾ-ਪ੍ਰੇਮੀ ਵੀ ਇਸ ਕਾਨਫਰੰਸ ਵਿੱਚ ਸ਼ਿਰਕਤ ਕਰਨਗੇ। ਕਾਨਫਰੰਸ ਦੌਰਾਨ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਰਤਮਾਨ ਸਰੋਕਾਰਾਂ, ਭਵਿੱਖ ਦੀਆਂ ਚੁਣੌਤੀਆਂ ਅਤੇ ਵਿਸ਼ਵ ਪੱਧਰ ’ਤੇ ਪੰਜਾਬੀ ਦੀ ਸਥਿਤੀ ਨਾਲ ਸਬੰਧਤ ਅਹਿਮ ਵਿਸ਼ਿਆਂ ’ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ-ਪ੍ਰਸਾਰ ਲਈ ਲੰਮੇ ਸਮੇਂ ਤੋਂ ਸਰਗਰਮ ਵਿਪਸਾ ਦੀ ਇਹ ਕਾਨਫਰੰਸ ਵਿਦੇਸ਼ੀ ਧਰਤੀ ’ਤੇ ਵੱਸਦੇ ਪੰਜਾਬੀ ਸਾਹਿਤਕਾਰਾਂ ਅਤੇ ਪੰਜਾਬ ਤੋਂ ਆਉਣ ਵਾਲੇ ਵਿਦਵਾਨਾਂ ਨੂੰ ਇੱਕ ਸਾਂਝੇ ਮੰਚ ’ਤੇ ਇਕੱਠਾ ਕਰਨ ਦਾ ਅਹਿਮ ਉਪਰਾਲਾ ਹੋਵੇਗੀ। ਖ਼ਾਸ ਕਰਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਵਿਦਵਾਨਾਂ ਦੀ ਸਾਂਝੀ ਹਾਜ਼ਰੀ ਇਸ ਸਮਾਗਮ ਨੂੰ ਪੰਜਾਬੀ ਸਾਹਿਤਕ ਸੰਵਾਦ ਦੇ ਪੱਖੋਂ ਹੋਰ ਵੀ ਮਹੱਤਵਪੂਰਨ ਬਣਾਵੇਗੀ।

ਵਿਪਸਾ ਪ੍ਰਧਾਨ ਨੇ ਦੱਸਿਆ ਕਿ ਕਾਨਫਰੰਸ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਆਉਣ ਵਾਲੀ ਅਗਸਤ ਮਹੀਨੇ ਦੀ ਸਾਹਿਤਕ ਮੀਟਿੰਗ ਦੌਰਾਨ ਕਾਨਫਰੰਸ ਦੇ ਵਿਸਥਾਰਤ ਪ੍ਰੋਗਰਾਮ, ਵਿਚਾਰ-ਚਰਚਾ ਦੇ ਵਿਸ਼ਿਆਂ ਅਤੇ ਹੋਰ ਗਤੀਵਿਧੀਆਂ ਦੀ ਰੂਪ-ਰੇਖਾ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ।

## “ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਛੇਵੀਂ ਅੰਮ੍ਰਿਤਾ ਪ੍ਰੀਤਮ ਅੰਤਰਰਾਸ਼ਟਰੀ ਕਾਵਿ ਮਿਲਣੀ ਅਮਿੱਟ ਪੈੜਾਂ ਛੱਡਦੀ ਸਮਾਪਤ ਹੋਈ “

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ








ਬਰੇਂਪਟਨ , 10 ਅਗਸਤ : ਰਮਿੰਦਰ ਰੰਮੀ ਜੀ ਫ਼ਾਊਂਡਰ ਅਤੇ ਪ੍ਰਬੰਧਕ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਤੇ ਸਮੁੱਚੀ ਪ੍ਰਬੰਧਕੀ ਟੀਮ ਵੱਲੋਂ “ ਅੰਮ੍ਰਿਤਾ ਪ੍ਰੀਤਮ “ ਨੂੰ ਸਮਰਪਿਤ ਕਾਵਿ ਮਿਲਣੀ ਦਾ 9 ਅਗਸਤ ਨੂੰ ਆਯੋਜਨ ਕੀਤਾ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਦਲਜੀਤ ਕਥੂਰੀਆ ਜੀ ਨੇ ਵਿਸ਼ਵ ਪੰਜਾਬੀ ਕਾਨਫਰੰਸ ਬਾਰੇ ਦੱਸਿਆ ਕਿ ਜੋ ਅਕਤੂਬਰ ਵਿੱਚ ਹੋ ਰਹੀ ਹੈ ਇਸ ਬਾਰੇ ਪੇਪਰ ਲਿਖ ਕੇ ਭੇਜਣ ਲਈ ਸਾਰਿਆਂ ਨੂੰ ਸੱਦਾ ਦਿੱਤਾ । ਸ੍ਰੀ ਮਤੀ ਰਿੰਟੂ ਭਾਟੀਆ ਜੀ ਨੇ ਪ੍ਰੋਗਰਾਮ ਦਾ ਸੰਚਾਲਨ ਕਰਦਿਆ ਸਾਰੀਆ ਸ਼ਾਮਿਲ ਸਖਸੀਅਤਾਂ ਨੂੰ ਜੀ ਆਇਆਂ ਕਿਹਾ। ਉਹਨਾਂ ਅੰਮ੍ਰਿਤਾ ਪ੍ਰੀਤਮ ਜੀ ਨੂੰ ਮੁਹੱਬਤ ਨਾਲ ਸਰਸ਼ਾਰ ਸ਼ਖ਼ਸੀਅਤ ਦੱਸਦਿਆ ਕਿਹਾ ਕਿ ਅੰਮ੍ਰਿਤਾ ਪ੍ਰੀਤਮ ਜੀ ਇੱਕ ਕਵਿੱਤਰੀ ਹੀ ਨਹੀਂ ਸਗੋਂ ਅਹਿਸਾਸ ਹਨ , ਔਰਤ ਮਨ ਦੀ ਅਣਕਹੀ ਗਾਥਾ ਹਨ । ਉਹਨਾਂ ਨੇ ਅੰਮ੍ਰਿਤਾ ਜੀ ਦੀ ਕਵਿਤਾ ,” ਇੱਕ ਮੁਲਾਕਾਤ “ ਸਾਂਝੀ ਕੀਤੀ । ਉਹਨਾਂ ਰਮਿੰਦਰ ਰੰਮੀ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ , ਜਿਹੜੇ ਖੂਬਸੂਰਤ ਪਰੋਗਰਾਮ ਉਲੀਕਦੇ ਹਨ । ਸੁਰਜੀਤ ਜੀ ਜੋ ਕਿ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਸਰਪ੍ਰਸਤ ਹਨ ,ਜੀ ਨੇ ਅੰਮ੍ਰਿਤਾ ਨੂੰ ਇੱਕ ਯੁੱਗ ਸ਼ਾਇਰਾ ਕਹਿੰਦਿਆ , ਉਹਨਾਂ ਦੇ ਸਾਹਿਤਕ ਯੋਗਦਾਨ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ। ਉਹਨਾਂ ਨੇ ਸ਼ਾਮਿਲ ਸਖਸੀਅਤਾਂ ਦਾ ਨਿੱਘਾ ਸਵਾਗਤ ਕੀਤਾ ਤੇ ਰਮਿੰਦਰ ਵਾਲੀਆ ਜੀ ਦਾ ਧੰਨਵਾਦ ਕੀਤਾ। ਸਮੁੱਚੀ ਟੀਮ ਵੱਲੋਂ ਪ੍ਰਬੰਧਕੀ ਮੈਂਬਰ ਡਾ. ਨਵਰੂਪ ਜੀ ਨੂੰ ਸੇਵਾ ਮੁਕਤੀ ਤੇ ਮੁਬਾਰਕ ਦਿੱਤੀ ਅਤੇ ਸਮੁੱਚੀ ਪ੍ਰਬੰਧਕੀ ਟੀਮ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਕਾਵਿ ਮਿਲਣੀ ਦੇ ਮੁੱਖ ਮਹਿਮਾਨ , ਵਿਸ਼ੇਸ਼ ਮਹਿਮਾਨ ਤੇ ਕਵੀ ਸਾਹਿਬਾਨ ਬਾਰੇ ਜਾਣ ਪਛਾਣ ਕਰਾਈ । ਕਾਵਿ ਮਿਲਣੀ ਦਾ ਆਗਾਜ਼ ਕਰਦਿਆਂ ਉਹਨਾਂ ਡਾ. ਅਮਰਜੀਤ ਕੌਂਕੇ ਨੂੰ ਅੰਮ੍ਰਿਤਾ ਪ੍ਰੀਤਮ ਜੀ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਸਾਂਝਾ ਕਰਨ ਲਈ ਸੱਦਾ ਦਿੱਤਾ । ਡਾ. ਕੌਂਕੇ ਨੇ ਕਿਹਾ ਕਿ 1982 ਵਿੱਚ ਜਦ ਉਹਨਾਂ ਨੇ ਲਿਖਣਾ ਸ਼ੁਰੂ ਕੀਤਾ ਤੇ ਅੰਮ੍ਰਿਤਾ ਜੀ ਨਵੇਂ ਲੇਖਕਾਂ ਨੂੰ ਨਾਗਮਣੀ ਵਿੱਚ ਛਾਪ ਕੇ ਉਤਸ਼ਾਹਿਤ ਕਰਦੇ ਸਨ। ਅੰਮ੍ਰਿਤਾ ਜੀ ਨਾਲ ਉਹਨਾਂ ਨੇ ਆਪਣੀ ਮੁਲਾਕਾਤ ਦਾ ਜ਼ਿਕਰ ਕੀਤਾ ਕਿ ਉਹਨਾਂ ਨਾਲ ਬਿਤਾਏ ਪਲ ਉਹਨਾਂ ਦੀ ਜ਼ਿੰਦਗੀ ਦਾ ਅਮੁੱਲ ਸਰਮਾਇਆ ਹਨ। ਅੰਮ੍ਰਿਤਾ ਜੀ ਨੇ ਵੱਖ ਵੱਖ ਵਿਧਾਵਾਂ ਵਿੱਚ ਰਚਨਾ ਕੀਤੀ । ਉਹਨਾਂ ਕੋਲ ਹਰ ਕਿਸੇ ਨੂੰ ਆਪਣਾ ਬਣਾ ਲੈਣ ਦੀ ਯੋਗਤਾ ਤੇ ਸੰਮੋਹਨ ਕਲਾ ਸੀ । ਉਹਨਾਂ ਦਾ ਘਰ ਲੇਖਕਾਂ ਲਈ ਇੱਕ ਮੱਕਾ ਸੀ । ਉਹਨਾਂ ਨਾਗਮਣੀ ਦੇ ਵਿਸ਼ੇਸ਼ ਅੰਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ । ਅਮੀਰ ਵਿਰਸੇ ਨੂੰ ਯਾਦ ਕਰਨਾ ਸਾਡੇ ਲਈ ਜ਼ਰੂਰੀ ਹੈ। ਉਹਨਾਂ ਅੰਮ੍ਰਿਤਾ ਸੰਗ ਬਿਤਾਏ ਪਲਾਂ ਬਾਰੇ ਆਪਣੀ ਕਵਿਤਾ “ਦੁੱਧ ਤੇ ਜਲੇਬੀਆਂ “ ਸਾਂਝੀ ਕੀਤੀ । ਡਾ. ਨਵਰੂਪ ਜੀ ਨੇ ਕਿਹਾ ਅੰਮ੍ਰਿਤਾ ਜੀ ਨੇ ਨਵੀਂ ਸੋਚ ਤੇ ਨਵੀਂ ਸੇਧ ਦਿੱਤੀ । ਉਹਨਾਂ ਆਪਣੀ ਖੂਬਸੂਰਤ ਕਵਿਤਾ ,” ਤੇਰਾ ਚਿਹਰਾ ਪੜ੍ਹਦਿਆਂ “ ਸਾਂਝੀ ਕੀਤੀ। ਡਾ. ਸਾਧੂ ਰਾਮ ਲੰਗਿਆਣਾ ਜੀ ( ਸਾਹਿਤ ਸਭਾ ਬਾਘਾ ਪੁਰਾਣਾ)ਨੇ ਆਪਣਾ ਰਚਨਾਵਾਂ ,” ਧੀਆਂ “ ਅਤੇ “ ਕਿਤਾਬਾਂ “ਸਾਂਝੀ ਕੀਤੀਆਂ। ਡਾ. ਸਤਿੰਦਰ ਕੌਰ ਕਾਹਲੋਂ ਜੀ ਨੇ ਅੰਮ੍ਰਿਤਾ ਜੀ ਦੀ ਕਵਿਤਾ ,” ਅੰਮੜੀ ਦਾ ਵਿਹੜਾ” ਭਾਵੁਕ ਅੰਦਾਜ਼ ਨਾਲ ਸਾਂਝੀ ਕੀਤੀ। ਡਾ. ਗੁਰਮੀਤ ਸਿੰਘ ਹੁੰਦਲ ਜੀ ਨੇ ਆਪਣੀ ਕਵਿਤਾ ,”ਰਸੀਦੀ ਟਿਕਟ -ਇੱਕ ਉਦਾਸ ਇਬਾਰਤ” ਅੰਮ੍ਰਿਤਾ ਜੀ ਦੀ ਸਵੈ ਜੀਵਨੀ ਤੇ ਅਧਾਰਿਤ , ਅਹਿਸਾਸਾਂ ਨੂੰ ਬਿਆਨ ਕਰਦੀ ਰਚਨਾ ਸਾਂਝੀ ਕੀਤੀ। ਮੁੱਖ ਮਹਿਮਾਨ , ਨੀਲਮ ਅਹਿਮਦਬਸ਼ੀਰ ਜੀ ਨੇ ਆਪਣੀ ਰਚਨਾ,”ਵੇਲੇ ਦਾ ਸੱਪ” ਸਾਂਝੀ ਕੀਤੀ । ਉਹਨਾਂ ਆਪਣੀ ਚਰਚਿਤ ਰਚਨਾ ,” ਗੁਆਂਢਣੇ- ਗੁਆਂਢਣੇ” ਸਾਂਝੀ ਕੀਤੀ ।

ਪ੍ਰੋ ਬੀਰ ਇੰਦਰ ਸਰਾਂ ( ਚੇਅਰਮੈਨ-ਕਲਮਾਂ ਦੇ ਰੰਗ)ਜੀ ਨੇ ਆਪਣੀ ਰਚਨਾ ਜੋ ਕਿ ਅੰਮ੍ਰਿਤਾ ਪ੍ਰੀਤਮ ਦੀਆਂ ਕਾਵਿ ਪੁਸਤਕਾਂ ਤੇ ਅਧਾਰਿਤ ਕਵਿਤਾ ,” ਕਾਵਿ ਚਿੱਤਰ “ ਪੇਸ਼ ਕੀਤੀ । ਪਰਮਜੀਤ ਰੂਪ ਜੀ ਨੇ ਅੰਮ੍ਰਿਤਾ ਜੀ ਬਾਰੇ ਆਪਣੀ ਖੂਬਸੂਰਤ ਕਵਿਤਾ ਨਾਲ ਹਾਜ਼ਰੀ ਲਵਾਈ। ਨਦੀਮ ਅਫਜਲ ਜੀ ਨੇ ਖੂਬਸੂਰਤ ਗਜ਼ਲ ਸਰੋਤਿਆਂ ਨਾਲ ਸਾਂਝੀ ਕੀਤੀ ਰਾਜਵਿੰਦਰ ਰੌਂਤਾ ਜੀ ਨੇ ਅੰਮ੍ਰਿਤਾ ਬਾਰੇ ਲਿਖੀ ਆਪਣੀ ਕਵਿਤਾ ਸਾਂਝੀ ਕੀਤੀ। ਜਸਵਿੰਦਰ ਦੂਹੜਾ ਜੀ ਨੇ ਆਪਣੀ ਰਚਨਾ ,” ਸਿਰਨਾਵਿਆਂ ਜਿਹੇ ਘਰ” ਸੁਣਾਈ । ਹਰਜਿੰਦਰ ਰਾਹੀ ਜੀ ਨੇ ਆਪਣੀ ਗ਼ਜ਼ਲ “ ਕਰੋ ਕੋਸ਼ਿਸ਼ “ ਸਾਂਝੀ ਕੀਤੀ । ਸੁਰਿੰਦਰ ਸਿੰਘ ਸੂਰ ਨੇ ਤਰੰਨਮ ਵਿਚ ਗ਼ਜ਼ਲ ਸਾਂਝੀ ਕੀਤੀ । ਰਮਿੰਦਰ ਵਾਲੀਆ ਜੀ ਨੇ ਸਾਰਿਆਂ ਦਾ ਧੰਨਵਾਦ ਕੀਤਾ । ਰਿੰਟੂ ਭਾਟੀਆ ਜੀ ਨੇ ਅੰਮ੍ਰਿਤਾ ਦੀ ਰਚਨਾ “ ਮੈਂ ਤੈਨੂੰ ਫੇਰ ਮਿਲਾਂਗੀ” ਸਰੋਤਿਆਂ ਨਾਲ ਸਾਂਝੀ ਕੀਤੀ ।

ਇਸ ਯਾਦਗਾਰੀ ਤੇ ਖੂਬਸੂਰਤ ਕਾਵਿ ਮਿਲਣੀ ਪ੍ਰੋਗਰਾਮ ਦੇ ਅੰਤ ਤੇ ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਆਪਣੇ ਵਿਲੱਖਣ ਤੇ ਵਿਸਤ੍ਰਿਤ ਅੰਦਾਜ਼ ਵਿਚ ਸਮੁੱਚੇ ਪ੍ਰੋਗਰਾਮ ਦਾ ਕੂੰਜੀਵਤ ਰੂਪ ਵਿੱਚ ਸਾਰਾਂਸ਼ ਪੇਸ਼ ਕੀਤਾ ਅਤੇ ਉਹਨਾ ਅੰਮ੍ਰਿਤਾ ਜੀ ਦੀ ਕਵਿਤਾ ,” ਅੱਜ ਆਖਾਂ ਵਾਰਸ ਸ਼ਾਹ ਨੂੰ” ਤਰੰਨਮ ਵਿੱਚ ਪੇਸ਼ ਕੀਤਾ ।ਉਹਨਾਂ ਕਿਹਾ ਅੰਮ੍ਰਿਤਾ ਜੀ ਦੀ ਸ਼ਖ਼ਸੀਅਤ ਨੇ ਇਸ ਯੁੱਗ ਵਿੱਚ ਔਰਤਾਂ ਦੇ ਮਨੋਭਾਵਾਂ ਨੂੰ ਜ਼ੁਬਾਨ ਦਿੱਤੀ ਤੇ ਕਿਹਾ ਉਹਨਾਂ ਦੇ ਪਰਚੇ ਨਾਗਮਣੀ ਦਾ ਅੱਜ ਵੀ ਪ੍ਰਭਾਵ ਹੈ। ਪਰੋਗਰਾਮ ਦੀ ਸੁਚੱਜੀ ਵਿਉਂਤ ਲਈ ਰਮਿੰਦਰ ਵਾਲੀਆ ਜੀ ਦੀ ਸਰਾਹਨਾ ਕੀਤੀ । ਪਿਆਰਾ ਸਿੰਘ ਜੀ ਦਾ ਵਿਸ਼ਲੇਸ਼ਣ ਅਤੇ ਸਾਹਿਤਕ ਪੇਸ਼ਕਾਰੀ ਵਾਕਈ ਬਾਕਮਾਲ ਰਹੀ। ਰਿੰਟੂ ਭਾਟੀਆ ਜੀ ਨੇ ਬਾਖੂਬੀ ਇਸ ਪ੍ਰੋਗਰਾਮ ਦਾ ਸੰਚਾਲਨ ਕੀਤਾ। ਡਾ . ਅਮਰ ਜੋਤੀ ਮਾਂਗਟ , ਡਾ . ਬਲਜੀਤ ਕੌਰ ਰਿਆੜ , ਡਾ . ਪੁਸ਼ਵਿੰਦਰ ਕੌਰ ,ਪ੍ਰੋ. ਪਵਨ ਖਿੱਚੀ , ਗੁਰਸਵ ਨਹਿਲ , ਗੁਰਚਰਨ ਸਿੰਘ ਜੋਗੀ , ਜੈਲੀ ਗੇਰਾ , ਮਨਿੰਦਰ ਗਹਿਰਾ , ਪਰਮਜੀਤ ਢਿੱਲੋ , ਸਤਬੀਰ ਸਿੰਘ , ਡਾ . ਰਾਜਵਿੰਦਰ ਹੁੰਦਲ , ਇੰਜ . ਗਿੱਲ ਸੁਖਮੰਦਰ , ਅੰਮ੍ਰਿਤਾ ਦਰਸ਼ਨ , ਜਗਦੀਪ ਮਾਂਗਟ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਹੋਰ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਇਸ ਵੈਬੀਨਾਰ ਵਿੱਚ ਸ਼ਿਰਕਤ ਕੀਤੀ । ਅਨੇਕਾਂ ਸਰੋਤਿਆ ਨੇ ਫੇਸਬੁੱਕ ਤੇ ਲਾਈਵ ਮਾਧਿਅਮ ਮਾਣਿਆ। ਇਹ ਰਿਪੋਰਟ ਡਾ. ਪੁਸ਼ਵਿੰਦਰ ਕੌਰ ਖ਼ੋਖਰ ਜੀ ਨੇ, ਰਮਿੰਦਰ ਵਾਲੀਆ ਜੀ ਨੂੰ ਸਾਂਝੀ ਕੀਤੀ। ਧੰਨਵਾਦ ਸਹਿਤ ।

# ਸੁਖਬੀਰ ਸਿੰਘ ਸੰਧੂ ਦਾ ਇਕਲੌਤਾ ਗ਼ਜ਼ਲ ਸੰਗ੍ਰਹਿ 53 ਸਾਲ ਬਾਅਦ ਛਪਣਾ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ



ਇਹ ਉਸ ਸੁਪਨੇ ਦੀ ਪੂਰਤੀ ਹੈ ਜੇ ਕਦੇ ਮੈਂ ਇਸ ਰੂਪ ਵਿੱਚ ਸੋਚਿਆ ਵੀ ਨਹੀਂ ਸੀ।
ਅੱਜ ਸਵੇਰੇ ਹੀ ਪਰਿੰਟਵੈੱਲ ਅੰਮ੍ਰਿਤਸਰ ਤੋਂ ਛਪ ਕੇ ਮੇਰੇ ਘਰ ਅਤੇ ਚੇਤਨਾ ਪ੍ਰਕਾਸ਼ਨ ਕੋਲ ਪੰਜਾਬੀ ਭਵਨ ਲੁਧਿਆਣਾ ਪੁੱਜੀ ਹੈ। ਕੱਲ੍ਹ ਸਿੰਘ ਬਰਦਰਜ਼ ਅੰਮ੍ਰਿਤਸਰ, ਨਵਚੇਤਨ ਬੁੱਕ ਡਿਪੋ ਬਰਨਾਲਾ, ਪੰਜਾਬ ਬੁੱਕ ਸੈਂਟਰ ਚੰਡੀਗੜ੍ਹ ਤੇ ਹੋਰ ਕਿਤਾਬ ਘਰਾਂ ਤੋਂ ਮਿਲ ਸਕੇਗੀ।

ਇਸ ਕਿਤਾਬ ਬਾਰੇ ਆਪ ਕੁਝ ਆਖਣ ਦੀ ਥਾਂ ਡਾ. ਆਤਮਜੀਤ ਦਾ ਲਿਖਿਆ ਲੇਖ ਨੱਥੀ ਕਰ ਰਿਹਾਂ।
ਇਸ ਨੂੰ ਪੜ੍ਹਿਉ ਤੇ ਅੱਗੇ ਹੋਰ ਪੜ੍ਹਾਉਣਾ।

ਇਹ ਭੂਮਿਕਾ ਨਹੀਂ ਹੈ ਦੋਸਤੋ

ਆਤਮਜੀਤ

ਪੰਜਾਹ ਤੋਂ ਵੱਧ ਸਾਲਾਂ ਬਾਦ ਗੁਰਭਜਨ ਗਿੱਲ ਨੇ ਸੁਖਬੀਰ ਸਿੰਘ ਸੰਧੂ ਦੀ ਕਿਤਾਬ 'ਪਾਇਲ' ਦੀ ਆਵਾਜ਼ ਨੂੰ ਦੋਬਾਰਾ ਸੁਣਾ ਕੇ ਭਲਾ ਕੰਮ ਕੀਤਾ ਹੈ। ਪੰਜਾਬੀ ਸਾਹਿਤ ਉਸ ਦਾ ਰਿਣੀ ਰਹੇਗਾ। ਮੈਨੂੰ ਇਸ ਕਿਤਾਬ ਨੇ ਤਿੰਨ ਕਾਰਨਾਂ ਕਰਕੇ ਆਪਣੇ ਵੱਲ ਖਿੱਚਿਆ ਹੈ। ਪਹਿਲਾ, ਇਸਦਾ ਕਰਤਾ ਸੁਖਬੀਰ ਸਿੰਘ ਸੰਧੂ ਜਸਬੀਰ ਭੁੱਲਰ ਦਾ ਬਹੁਤ ਨੇੜਲਾ ਰਿਸ਼ਤੇਦਰ ਹੋਣ ਕਾਰਨ ਉਸ ਨਾਲ ਮੇਰਾ ਵੀ ਨਾਤਾ ਹੈ। ਦੂਜਾ ਕਾਰਨ, ਇਸ ਕਿਤਾਬ ਦਾ ਨਾਂ 'ਪਾਇਲ' ਹੈ। ਉਸਨੇ ਪਾਇਲ ਨੂੰ ਪਾਜ਼ੇਬ ਜਾਂ ਝਾਂਜਰ ਕਿਉਂ ਨਹੀਂ ਕਿਹਾ? ਉਸਦੀ ਕਿਸੇ ਗ਼ਜ਼ਲ ਵਿਚ ਮੈਂ ਪਾਇਲ ਸ਼ਬਦ ਨਹੀਂ ਪੜ੍ਹਿਆ ਹਾਲਾਂਕਿ ਇਕ ਗ਼ਜ਼ਲ ਵਿਚ 'ਝਾਂਜਰ' ਦੀ ਵਰਤੋਂ ਹੋਈ ਹੈ। ਉਹ ਲਿਖਦਾ ਹੈ:

"ਗੱਲ ਇਤਫ਼ਾਕ ਦੀ ਹੈ, ਦੋਸ਼ ਨਾ ਉਸਦਾ ਨਾ ਮੇਰਾ ਹੈ,
ਨਾ ਝਾਂਜਰ ਛਣਕਦੀ ਓਸਦੀ, ਨਾ ਨੀਅਤ ਬਦਲਦੀ ਮੇਰੀ"।
ਭਾਵੇਂ ਪਾਇਲ ਅਤੇ ਝਾਂਜਰ ਵਿਚ ਕੁਝ ਅੰਤਰ ਵੀ ਹੁੰਦਾ ਹੈ ਪਰ ਇਸ ਕਿਤਾਬ ਦੇ ਪ੍ਰਸੰਗ ਵਿਚ ਉਹ ਅਰਥਹੀਣ ਹੈ ਕਿਉਂਕਿ ਉਸਨੇ ਪੁਸਤਕ ਦੇ ਨਾਂ ਨੂੰ ਆਪਣੀਆਂ ਗ਼ਜ਼ਲਾਂ ਨਾਲ ਕਿਸੇ ਵੀ ਤਰੀਕੇ ਨਾਲ ਜੋੜਨ ਦੀ ਕੋਈ ਸਚੇਤ ਕੋਸ਼ਿਸ਼ ਨਹੀਂ ਕੀਤੀ। ਇਹ ਪੁਸਤਕ ਦਾ ਸੁਤੰਤਰ ਨਾਮ ਹੈ। ਉਂਜ 'ਝਾਂਜਰ' ਸ਼ਬਦ ਨੂੰ ਪੰਜਾਬ ਨੇ ਬਹੁਤ ਪਿਆਰ ਦਿੱਤਾ ਹੈ। ਸ਼ਿਵ ਕੁਮਾਰ ਦਾ ਗੀਤ ਹੈ,
"ਮੇਰੀ ਝਾਂਜਰ ਤੇਰਾ ਨਾਂ ਲੈਂਦੀ,
ਕਰੇ ਛੰਨ ਛੰਨ ਛੰਨ'।
ਨੰਦ ਲਾਲ ਨੂਰਪੁਰੀ ਤਾਂ ਸਾਡੇ ਸਾਰਿਆਂ ਦੇ ਚੇਤਿਆਂ ਵਿਚ ਵੱਸਦਾ ਹੈ:
"ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਪਈਆਂ'। ਪਰ ਸੁਖਬੀਰ ਸਿੰਘ ਸੰਧੂ ਦੀ ਕਿਤਾਬ ਦਾ ਨਾਂ ਹੀ ਨਹੀਂ, ਉਸ ਨੇ ਪੁਸਤਕ ਦਾ ਪ੍ਰਕਾਸ਼ਨ ਵੀ 'ਪਾਇਲ ਪਬਲਿਸ਼ਰਜ਼' ਦੇ ਨਾਂ ਹੇਠ ਆਪ ਹੀ ਕੀਤਾ ਲਗਦਾ ਹੈ। ਮੇਰੀ ਸੋਚ ਨੇ ਇਸ ਨਾਂ ਦਾ ਪਿੱਛਾ ਇਸ ਲਈ ਵੀ ਕੀਤਾ ਹੈ ਕਿਉਂਕਿ ਇੰਗਲੈਂਡ ਤੋਂ ਪਰਤ ਕੇ ਤਰਨ ਤਾਰਨ ਵਿਚ ਉਸਨੇ ਜਿਹੜਾ ਰੈਸਟੋਰੈਂਟ ਅਤੇ ਹੋਟਲ ਖੋਲ੍ਹਿਆ ਸੀ ਉਸਦਾ ਨਾਂ ਵੀ 'ਪਾਇਲ' ਹੀ ਸੀ। ਇੰਜ ਲਗਦਾ ਹੈ ਜਿਵੇਂ ਕਿਸੇ ਪਾਇਲ ਨਾਂ ਦੀ ਲੜਕੀ ਦੇ ਵਿਛੋੜੇ ਵਿਚ ਉਸਨੇ ਸਾਰਾ ਕਲਾਮ ਕਿਹਾ ਹੈ। ਪਰ ਮੈਂ ਜਿਸ ਗੱਲ ਨੂੰ ਉਘਾੜਨ ਵਾਸਤੇ ਇਹ ਕਹਾਣੀ ਪਾਈ ਹੈ ਉਹ ਹੈ ਕਿ ਸੁਖਬੀਰ ਸਿੰਘ ਸੰਧੂ ਆਪਣੇ ਪਿਆਰ ਦੀ ਪੂਰਨ ਅਸਫ਼ਲਤਾ ਦੇ ਬਾਵਜੂਦ ਉਸ ਵਾਸਤੇ ਪੂਰੀ ਸ਼ਿੱਦਤ ਨਾਲ ਸਮਰਪਿਤ, ਸੁਹਿਰਦ, ਸੰਤੁਸ਼ਟ ਅਤੇ ਸ਼ਿਕਵੇ-ਸ਼ਿਕਾਇਤਾਂ ਤੋਂ ਬਹੁਤ ਉਤਾਂਹ ਵਿਚਰਨ ਵਾਲਾ ਪ੍ਰੇਮੀ ਹੈ।

ਇੱਥੋਂ ਉਭਰਦਾ ਹੈ ਉਹ ਤੀਸਰਾ ਕਾਰਨ ਜਿਹੜਾ ਮੈਨੂੰ ਸੁਖਬੀਰ ਸੰਧੂ ਦੇ ਕਲਾਮ ਨਾਲ ਸਭ ਤੋਂ ਜ਼ਿਆਦਾ ਜੋੜਦਾ ਹੈ ਤੇ ਉਹ ਹੈ ਉਸਦੇ ਬਿਰਹਾ-ਸੰਸਾਰ ਦਾ ਆਪਣੇ ਸਮਕਾਲੀ ਸ਼ਾਇਰ ਸ਼ਿਵ ਬਟਾਲਵੀ ਦੇ ਬਿਰਹਾ-ਜਗਤ ਨਾਲੋਂ ਬਹੁਤ ਵੱਡਾ ਅੰਤਰ। ਇਹ ਦੋਵੇਂ ਬਿਰਹਾ ਦੇ ਕਵੀ ਹਨ, ਸਮਕਾਲੀ ਸਨ,ਇਸ਼ਕ ਵਿਚ ਹਾਰੇ ਹੋਏ ਸਨ, ਦਾਰੂ ਦੀ ਟੇਕ ਰੱਖਦੇ ਸਨ ਅਤੇ ਮਾਝੇ ਦੀ ਧਰਤੀ ਦੇ ਨਾਲ ਸੰਬੰਧਿਤ ਸਨ। ਪਰ ਸ਼ਿਵ ਆਪਣੇ ਆਪ ਨੂੰ ਇਸ਼ਕ ਦੀਆਂ ਬਰਬਾਦੀਆਂ ਦਾ ਸਿਖਰ ਕਹਿੰਦਾ ਹੈ, ਅਧੂਰੇ ਗੀਤ ਦਾ ਸਫ਼ਰ ਅਤੇ ਬੁਝਿਆ ਹੋਇਆ ਚਿਰਾਗ਼ ਮੰਨਦਾ ਹੈ। ਉਸ ਅਨੁਸਾਰ ਉਸਦੀਆਂ ਸਾਰੀਆ ਸਮੱਸਿਆਵਾਂ ਦਾ ਇਲਾਜ ਮੌਤ ਹੈ; ਇਸੇ ਲਈ ਉਸਦੀ ਰਚਨਾ ਵਿਚ ਮੌਤ ਦੇ ਬਿੰਬ ਬਾਰ-ਬਾਰ ਉਭਰਦੇ ਹਨ। ਉਹ ਮੌਤ ਨੂੰ ਆਵਾਜ਼ਾਂ ਮਾਰਦਾ ਵੀ ਦਿੱਸਦਾ ਹੈ। ਉਹ ਆਪਣੀ ਕਿਸਮਤ ਅਤੇ ਸਮਾਜ ਨੂੰ ਆਪਣੇ ਦੁਸ਼ਮਣ ਮੰਨਦਾ ਹੈ। ਇਵੇਂ ਉਹ ਆਪਣੇ ਆਪ ਨੂੰ ਇਕ ਪੀੜਿਤ ਜਾਂ ਵਿਕਟਿਮ ਦੇ ਰੂਪ ਵਿਚ ਅਤੇ ਇਕ ਹਾਰੇ ਹੋਏ ਇਨਸਾਨ ਦੇ ਤੌਰ ਤੇ ਪੇਸ਼ ਕਰਦਾ ਹੈ। ਉਸਦੀ ਖ਼ੂਬਸੂਰਤ ਢੁਕਵੀਂ ਬੋਲੀ ਅਤੇ ਸੱਜਰੀ ਬਿੰਬਕਾਰੀ ਉਸਦੇ ਬਿਰਹਾ ਭਾਵ ਨੂੰ ਸਮਰਥਾ ਨਾਲ ਉਘਾੜਦੀ ਅਤੇ ਉਭਾਰਦੀ ਹੈ।

ਅਸੀਂ ਕਾਲਜ ਦੇ ਦਿਨਾਂ ਵਿਚ ਸੰਧੂ ਦੀ ਮਸ਼ਹੂਰ ਗ਼ਜ਼ਲ "ਉਸ ਬੇਵਫ਼ਾ ਦੀ ਯਾਦ ਵਿਚ ਰੋਇਆ ਕਰਾਂ ਕਿ ਨਾ, ਬੀਤੇ ਦਿਨਾਂ ਦੀ ਫ਼ੇਰ ਤਮੰਨਾ ਕਰਾਂ ਕਿ ਨਾ" ਆਪਣੇ ਗਾਇਕ ਸਾਥੀਆਂ ਪਾਸੋਂ ਅਕਸਰ ਸੁਣਦੇ ਸਾਂ ਅਤੇ ਕਦੇ-ਕਦੇ ਖ਼ੁਦ ਵੀ ਗੁਣਗੁਣਾਉਂਦੇ ਸਾਂ ਹਾਲਾਂਕਿ ਸਾਨੂੰ ਕਿਸੇ ਨੂੰ ਵੀ ਇਸਦੇ ਲੇਖਕ ਦੇ ਨਾਮ ਦਾ ਕੋਈ ਗਿਆਨ ਨਹੀਂ ਸੀ। ਮੈਨੂੰ ਤਾਂ ਇਹ ਗਿਆਨ ਵੀ ਹੁਣ ਗੁਰਭਜਨ ਗਿੱਲ ਵਲੋਂ ਪੁਸਤਕ ਦੀ ਪੁਨਰ ਪ੍ਰਕਾਸ਼ਨਾ ਦੇ ਮੌਕੇ ਹੀ ਹੋਇਆ ਹੈ। ਨੁਸਰਤ ਫ਼ਤਿਹ ਅਲੀ ਖਾਂ ਅਤੇ ਨਸੀਬੋ ਲਾਲ ਜੇਹੇ ਵੱਡੇ ਗਾਇਕਾਂ ਨੇ ਇਸ ਨੂੰ ਆਵਾਜ਼ ਦਿੱਤੀ ਹੈ। ਇਸ ਗ਼ਜ਼ਲ ਦਾ ਬਿਆਨ ਬਹੁਤ ਸੱਜਰਾ ਹੈ। ਉਹਦਾ ਸਾਨੂੰ ਪੁੱਛਣਾ ਕਿ ਬੇਵਫ਼ਾ ਦੀ ਯਾਦ ਵਿਚ ਰੋਵੇ ਕਿ ਨਾ, ਪੁਰਾਣੇ ਦਿਨਾਂ ਦੀ ਤਮੰਨਾ ਕਰੇ ਕਿ ਨਾ ਉਸਦੀ ਕਮਾਲ ਦੀ ਕਾਵਿਕ ਜੁਗਤ ਹੈ। ਪਰ ਸਾਨੂੰ ਸੁਖਬੀਰ ਸੰਧੂ ਦੀਆਂ ਬਾਕੀ ਗ਼ਜ਼ਲਾਂ ਦਾ ਪਾਠ ਵੀ ਵਿਲੱਖਣ ਲੱਗਿਆ ਹੈ। ਮੂਲ ਰੂਪ ਵਿਚ ਤਾਂ ਉਹ ਵੀ ਬਿਰਹਾ ਦਾ ਹੀ ਸ਼ਾਇਰ ਹੈ ਅਤੇ ਵਿਛੋੜਾ ਉਸਦੀ ਗ਼ਜ਼ਲ ਦਾ ਮੂਲ ਅਤੇ ਮੁੱਖ ਵਿਸ਼ਾ ਹੈ। ਉਸਦੇ ਕੁਝ ਸ਼ੇ'ਰ ਦੇਖੋ:

ਮੈਂ ਲੱਖ ਦਰਵਾਜ਼ੇ ਢੋਏ ਨੇ, ਮੈਂ ਸੌ ਸੌ ਜੰਦਰੇ ਲਾਏ ਨੇ
ਪਰ ਫਿਰ ਵੀ ਇਕ ਦਰ ਪੀੜਾਂ ਦਾ, ਆਪੇ ਖੁਲ੍ਹ ਜਾਵੇ ਪਲ ਪਲ ਤੇ
ਇਹ ਤਾਂ ਉਸਦਾ ਹੋ ਗਿਆ ਸੀ, ਫਿਰ ਕਿਉਂ ਹੈ ਮੇਰੇ ਕੋਲ
ਜਾਂਦਾ ਜਾਂਦਾ ਦਿਲ, ਓਹਦੀ ਸਰਦਲ ਤੇ ਧਰ ਜਾਵਾਂਗਾ ਮੈਂ
ਲੋਕ ਤਮਾਸ਼ਾ ਵੇਖਣਗੇ ਜੋ ਕਦੇ ਨਾ ਵੇਖਿਆ
ਲਾਸ਼ ਆਪਣੀ ਹੀ ਉਠਾ ਕੇ ਜਦ ਗੁਜ਼ਰ ਜਾਵਾਂਗਾ ਮੈਂ
ਤੇਰੇ ਪਾਸਿਓਂ ਇਹ ਹਟੇ, ਤਾਂ ਹੀ ਲਾਵਾਂ
ਕਿਤੇ ਦਿਲ ਲਗਾਣਾ ਮੁਸ਼ਕਲ ਤਾਂ ਨਹੀਂ ਹੈ
ਅੱਖੀਆਂ 'ਚ ਬਹਿ ਗਏ ਨੇ, ਬਣ-ਠਣ ਕੇ ਹੰਝੂ,
ਤੇਰੀ ਯਾਦ ਆਵਣ ਦੀਆਂ ਵਾਰੀਆਂ ਨੇ
ਮਿਲੇ ਨਾ ਮਿਲੇ ਮੁਹੱਬਤ ਦੀ ਮਰਜ਼ੀ,
ਅਸਾਂ ਕੀਮਤਾਂ ਪੂਰੀਆਂ ਤਾਰੀਆਂ ਨੇ।
ਹਾਰਿਆ ਹੋਇਆ ਬੰਦਾ ਅਕਸਰ ਆਪਣੇ ਆਪ ਨੂੰ ਰੱਬ ਜਾਂ ਅਧਿਆਤਮ ਦੇ ਹਵਾਲੇ ਕਰਦਾ ਹੈ ਤੇ ਜਾਂ ਆਤਮਹੱਤਿਆ ਵਾਲੇ ਰਾਹ ਪੈਂਦਾ ਹੈ। ਨੰਦ ਲਾਲ ਨੂਰਪੁਰੀ ਨੇ ਦੂਜਾ ਰਾਹ ਚੁਣਿਆਂ। ਪਰ ਸ਼ਿਵ ਕੁਮਾਰ ਨੇ ਆਪਣੀ ਪ੍ਰੇਮ ਅਸਫ਼ਲਤਾ ਨੂੰ ਹੋਂਦ ਦੇ ਸਵਾਲ ਨਾਲ ਜੋੜ ਕੇ ਆਪਣੇ ਦਰਦ ਦਾ ਅਧਿਆਤਮੀਕਰਨ ਕੀਤਾ। ਉਹ ਬਿਰਹਾ ਨੂੰ ਰੱਬ ਦੇ ਬਰਾਬਰ ਰੱਖ ਕੇ ਉਸਦੀ ਭਗਤੀ ਕਰਦਾ ਹੈ ਅਤੇ ਆਪਣੇ ਬਿਰਹਾ ਨੂੰ ਸੌ ਮੱਕਿਆਂ ਦਾ ਹੱਜ ਕਹਿੰਦਾ ਹੈ। ਇਵੇਂ ਉਹ ਬਿਰਹਾ ਨੂੰ ਸੁਲਤਾਨ ਬਣਾ ਦੇਂਦਾ ਹੈ। ਪਰ ਸੁਖਬੀਰ ਸੰਧੂ ਆਪਣੇ ਵਿਛੋੜੇ ਦੀ ਲੜਾਈ ਲੜਨ ਲਈ ਰਹੱਸ ਜਾਂ ਅਧਿਆਤਮ ਦਾ ਆਸਰਾ ਨਹੀਂ ਲੈਂਦਾ; ਉਹ ਆਪਣੀ ਸਥਿਤੀ ਵਿਰੁੱਧ ਆਪਣੀ ਤਾਕਤ ਨਾਲ ਖ਼ੁਦ ਲੜਨਾ ਚਾਹੁੰਦਾ ਹੈ। ਉਹ ਸਹੀ ਮਾਇਨਿਆਂ ਵਿਚ ਐਲਬੇਅਰ ਕਾਮੂ ਦੀ 'ਮਿੱਥ ਆਫ਼ ਸਿਸੀਫ਼ਸ' ਦੇ ਪਾਤਰ ਵਾਂਗ ਜ਼ਿੰਦਗੀ ਦੀ ਐਬਸਰਡਿਟੀ ਤੋਂ ਹਾਰ ਜਾਣ ਦਾ ਐਲਾਨ ਨਹੀਂ ਕਰਦਾ ਬਲਿਕ ਉਸ ਨਾਲ ਲਗਾਤਾਰ ਲੜਦਾ ਹੈ। ਭਾਵੇਂ ਆਪਣੇ ਜੀਵਨ ਵਿਚ ਉਹ ਸ਼ਰਾਬ ਦਾ ਆਸਰਾ ਲੈਂਦਾ ਹੈ ਪਰ ਆਪਣੇ ਕਾਵਿਕ ਕਰਤਾਰੀ ਪਲਾਂ ਵਿਚ ਉਹ ਖ਼ੁਦ ਖ਼ੁਦਾ ਬਣਨ ਦੇ ਰਾਹ ਪੈਂਦਾ ਹੈ ਅਤੇ ਰਵਾਇਤੀ ਰੱਬੀ ਤਾਕਤਾਂ ਅਤੇ ਉਸਦੇ ਪ੍ਰਤੀਨਿਧੀਆਂ ਨੂੰ ਸਿੱਧੀ ਚੁਣੌਤੀ ਦੇਂਦਾ ਹੈ।

ਭਾਲੋ, ਉਹ ਖ਼ੁਦਾ ਜਿਸਦੀ ਖ਼ੁਦਾਈ ਪਰਖ ਵੇਖਾਂ ਮੈਂ
ਕਿ ਪਾ ਕੇ ਆਖਦਾ ਹਾਂ ਮੈਂ, ਖ਼ੁਦਾ ਦਾ ਵਾਸਤਾ, ਭਾਲੋ।
ਮੇਰੇ ਆਲ੍ਹਣੇ ਦਾ ਕੀ ਏ, ਮੁੜ ਕੇ ਬਣਾ ਲਵਾਂਗਾ,
ਬਿਜਲੀ ਹੈ ਤਿਲਮਿਲਾ ਰਹੀ, ਉਸਦਾ ਜੌਹਰ ਵੀ ਦੇਖੋ।
ਅਸੀਂ ਗੰਗਾ ਜਾ ਕੇ ਕੀ ਲੈਣਾ, ਅਸੀਂ ਜਮਨਾ ਨ੍ਹਾ ਕੇ ਕੀ ਲੈਣਾ,
ਜਦ ਹੜ੍ਹ ਅੱਖੀਆਂ ਵਿਚ ਹੰਝੂਆਂ ਦਾ, ਸਾਨੂੰ ਆਣ ਨਹਾਵੇ ਪਲ ਪਲ ਤੇ।
ਬਣ ਗਿਆ ਹੈ, ਫੇਰ ਮੇਰਾ ਆਲ੍ਹਣਾ,
ਫੇਰ ਬਿਜਲੀ ਜੌਹਰ ਦਿਖਲਾਏ ਕਦੀ।
ਮਨ ਮੇਰਾ ਅੱਜ ਤਕ ਕਦੇ ਨਾ ਸ਼ਾਂਤ ਸੀ ਜਿੰਨਾ ਕਿ ਅੱਜ,
ਤੀਰਥਾਂ ਤੇ ਮੈਂ ਅਨੇਕਾਂ ਵਾਰ ਨ੍ਹਾ ਕੇ ਵੇਖਿਆ।
ਜੰਨਤ ਵੀ ਹੁਣ ਹੋ ਗਈ, ਜੁਗਾਂ ਪੁਰਾਣੀ ਚੀਜ਼,
ਜਾਣੈ ਅਸੀਂ ਫ਼ਰਿਸ਼ਤਿਓ ਕਿਸੇ ਥਾਂ ਨਵੀਨ ਤੇ।
ਜੰਨਤ 'ਚ ਖੜ੍ਹਨ ਲਈ ਨਾ ਫ਼ਰਿਸ਼ਤਿਓ ਸਤਾਓ,
ਓਥੇ ਮੈਂ ਤਦ ਹੈ ਜਾਣਾ ਜੇ ਓਹ ਯਾਰ ਦੀ ਗਲੀ ਏ।
ਅਧਿਆਤਮਕਤਾ ਵਿਚ ਲੀਨ ਹੋ ਕੇ ਸ਼ਿਵ ਕੁਮਾਰ ਇਕ ਪੜਾਅ ਉੱਤੇ ਆਪਣੀ ਪਿਆਰ ਨੂੰ ਅਪਨਾਉਣ ਦੇ ਖ਼ਿਆਲ ਤੋਂ ਹੀ ਮੁਕਤ ਹੋ ਜਾਂਦਾ ਹੈ: "ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ, ਮੁੱਕ ਗਈ ਚਿੰਤਾ ਤੈਨੂੰ ਅਪਨਾਉਣ ਦੀ।" ਪਰ ਸੁਖਬੀਰ ਸਿੰਘ ਸੰਧੂ ਇਸਤੋਂ ਬਹੁਤ ਵੱਖਰੇ ਸੰਸਾਰ ਵਿਚ ਵਿਚਰਦਾ ਹੈ: "ਲੱਖ ਯਤਨ ਭਾਵੇਂ ਕਰਾਂਗਾ ਕਿ ਨਾ ਓਧਰ ਮੂੰਹ ਕਰਾਂ, ਰਾਹ ਓਹਦੇ ਘਰ ਦਾ ਹੀ ਹੋਊ, ਪਰ ਜਿੱਧਰ ਜਾਵਾਂਗਾ ਮੈਂ।" ਇਵੇਂ ਸਾਨੂੰ ਲਗਦਾ ਹੈ ਕਿ ਸੁਖਬੀਰ ਸਿੰਘ ਸੰਧੂ ਦੀਆਂ ਬਹੁਤ ਸਾਰੀਆਂ ਗ਼ਜ਼ਲਾਂ ਅਨੁਭਵ ਦੀ ਇਕ ਵੱਖਰੀ ਜ਼ਮੀਨ ਉੱਤੇ ਲਿਖੀਆਂ ਗਈਆਂ ਹਨ। ਭਾਵੇਂ ਇਹਨਾਂ ਦੀ ਗਿਣਤੀ ਸੀਮਿਤ ਹੈ ਪਰ ਇਹਨਾਂ ਵਿਚਲਾ ਭਾਵ ਸੰਸਾਰ ਬਹੁਤ ਅਮੀਰ ਹੈ। ਪੰਜਾਬੀ ਦੀ ਗੰਭੀਰ ਸਾਹਿਤ-ਆਲੋਚਨਾ ਨੂੰ ਇਸ ਕਾਵਿ ਦਾ ਨੋਟਿਸ ਲੈਣਾ ਬਣਦਾ ਹੈ। ਤੁਸੀਂ ਦੇਖੋਗੇ ਕਿ ਉਸਦੇ ਪ੍ਰਗਟਾਵੇ ਵਿਚ ਵੀ ਬਹੁਤ ਸੱਜਰਾਪਣ ਅਤੇ ਸੂਖਮਤਾ ਹੈ। ਇਸ ਸੰਗ੍ਰਹਿ ਦੀ ਇਕੋ-ਇਕ ਸੰਜੋਗ ਸ਼ਿੰਗਾਰ ਦੀ ਗ਼ਜ਼ਲ ਵਿਚ ਉਸਦੀ ਕਾਵਿਕਤਾ ਦੀ ਨਜ਼ਾਕਤ ਨੂੰ ਮਾਣੋਂ:
ਸੀਤਿਆਂ ਬੁਲ੍ਹਾਂ ਨੂੰ ਜਿਹੜਾ ਛੂਹ ਕੇ ਮੁੜ ਜਾਂਦਾ ਰਿਹਾ,
ਆਤਮਾ ਮੇਰੀ ਨੇ ਅੱਜ ਉਹ ਗੀਤ ਗਾ ਕੇ ਵੇਖਿਆ।

ਪਾ ਰਹੇ ਗਲਵੱਕੜੀਆਂ ਸਨ, ਸਾਡੇ ਪੈਰਾਂ ਦੇ ਨਿਸ਼ਾਨ,
ਜਦ ਪਿਛਾਂਹ ਨੂੰ ਮੈਂ ਰਤਾ ਕੁ, ਮੂੰਹ ਭੁਆਂ ਕੇ ਵੇਖਿਆ।

ਜੇਕਰ ਪੁਸਤਕ 'ਪਾਇਲ' ਦੀ ਪਹਿਲੀ 20 ਅਕਤੂਬਰ 1973 ਵਾਲੀ ਪ੍ਰਕਾਸ਼ਨਾ ਸਹੀ ਲੋਕਾਂ ਤਕ ਪਹੁੰਚ ਗਈ ਹੁੰਦੀ ਤਾਂ ਸੁਖਬੀਰ ਸਿੰਘ ਸੰਧੂ ਦੀ ਇਕ ਤਾਂ ਕੀ, ਕਈ ਗ਼ਜ਼ਲਾਂ ਵੱਡੇ ਗਾਇਕਾਂ ਨੇ ਗਾ ਦਿੱਤੀਆਂ ਹੁੰਦੀਆਂ।
ਉਮੀਦ ਕਰਦਾ ਹਾਂ ਕਿ ਗੁਰਭਜਨ ਗਿੱਲ ਦੇ ਹਥਲੇ ਯਤਨ ਤੋਂ ਬਾਦ ਸੁਖਬੀਰ ਸਿੰਘ ਸੰਧੂ ਨੂੰ ਉਸਦਾ ਸਹੀ ਥਾਂ ਨਸੀਬ ਹੋ ਜਾਵੇਗਾ।

# ਮੰਡ ਦੇ ਕੁਟਾਪੇ ਤੋਂ ਸਬਕ ਸਿੱਖਣ ਹਿੰਦੂਤਵੀਏ...

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ



ਸਿਆਣੇ ਆਖਦੇ ਨੇ ਕਿ "ਜ਼ੁਬਾਨ ਵਿੱਚ ਹੱਡੀ ਨਹੀਂ ਹੁੰਦੀ ਪਰ ਇਹ ਹੱਡੀਆਂ ਤੁੜਵਾ ਦਿੰਦੀ ਹੈ।" ਤੇ 7 ਅਗਸਤ 2026 ਨੂੰ ਸਿੱਖ ਨੌਜਵਾਨਾਂ ਦੇ ਹੱਥੋਂ ਗੁਰਸਿਮਰਨ ਮੰਡ ਨੇ ਆਪਣੀਆਂ ਹੱਡੀਆਂ ਤੁੜਵਾ ਹੀ ਲਈਆਂ। ਆਪਣੇ ਗੁਰੂ ਸਾਹਿਬਾਨਾਂ, ਸਿੱਖ ਸ਼ਹੀਦਾਂ ਤੇ ਕੌਮੀ ਨਾਇਕਾਂ ਦੇ ਖ਼ਿਲਾਫ਼ ਕੋਈ ਵੀ ਸਿੱਖ ਇਹਨਾਂ ਰਾਸ਼ਟਰਵਾਦੀਆਂ, ਭਗਵਾਂਧਾਰੀਆਂ ਤੇ ਸ਼ਿਵ ਸੈਨਿਕਾਂ ਵੱਲੋਂ ਕੀਤੀ ਜਾਂਦੀ ਬਕਵਾਸ ਸਹਿਣ ਨਹੀਂ ਕਰ ਸਕਦਾ ਹੈ। ਸੁਧੀਰ ਸੂਰੀ, ਅਮਿਤ ਅਰੋੜਾ ਤੇ ਨਿਸ਼ਾਂਤ ਸ਼ਰਮਾ ਵਾਂਗ ਗੁਰਸਿਮਰਨ ਮੰਡ ਨੇ ਵੀ ਪੂਰੀ ਅੱਤ ਚੁੱਕੀ ਹੋਈ ਸੀ ਤੇ ਉਹ ਸਿੱਖ ਗੁਰੂ ਸਾਹਿਬਾਨਾਂ ਨੂੰ ਹਿੰਦੂ ਦੱਸਦਾ ਸੀ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਨੂੰ ਅੱਤਵਾਦੀ ਆਖਦਾ ਸੀ, ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲੀ ਪਾਪਣ ਇੰਦਰਾ ਗਾਂਧੀ ਨੂੰ ਆਪਣੀ ਮਾਂ ਮੰਨਦਾ ਸੀ ਅਤੇ ਸਿੱਖ ਕੌਮ ਦੇ ਦੋਸ਼ੀ ਜਨਰਲ ਵੈਦਿਆ ਅਤੇ ਜਨਰਲ ਬਰਾੜ ਨੂੰ ਹੀਰੋ ਕਹਿੰਦਾ ਸੀ, ਬੁੱਚੜ ਕੇ.ਪੀ.ਐੱਸ. ਗਿੱਲ ਤੇ ਮੁੱਖ ਮੰਤਰੀ ਬੁੱਚੜ ਬਿਅੰਤ ਸਿਹੁੰ ਦੀਆਂ ਸਿਫ਼ਤਾਂ ਕਰਦਾ ਸੀ, ਕਾਂਗਰਸੀ ਬੁੱਚੜ ਰਾਜੀਵ ਗਾਂਧੀ ਦਾ ਬੁੱਤ ਆਪਣੀ ਪੱਗ ਲਾਹ ਕੇ ਸਾਫ਼ ਕਰਦਾ ਸੀ, ਕੌਮੀ ਯੋਧੇ ਭਾਈ ਸੰਦੀਪ ਸਿੰਘ ਦੀਪ ਸਿੱਧੂ ਤੇ ਐਮ.ਪੀ. ਭਾਈ ਅੰਮ੍ਰਿਤਪਾਲ ਸਿੰਘ ਦੇ ਖ਼ਿਲਾਫ਼ ਵੀ ਜ਼ਹਿਰੀਲੀ ਭਾਸ਼ਾ ਬੋਲਦਾ ਸੀ ਜਿਸ ਕਰਕੇ ਉਹ ਹਰ ਇੱਕ ਸਿੱਖ ਦੀਆਂ ਅੱਖਾਂ ਵਿੱਚ ਰੜਕਦਾ ਸੀ। ਹਰ ਆਏ ਦਿਨ ਉਹ ਸਿੱਖਾਂ ਨੂੰ ਸੰਤਾਪ ਦਿੰਦਾ ਸੀ ਤੇ ਸੋਸ਼ਲ ਮੀਡੀਆ ਅਤੇ ਟੀ.ਵੀ. ਚੈਂਨਲਾਂ ਰਾਹੀਂ ਸਿੱਖਾਂ ਵਿਰੁੱਧ ਭੜਾਸ ਕੱਢਦਾ ਸੀ।

ਗੁਰਸਿਮਰਨ ਮੰਡ ਨਾਲ ਗੁਰਦੁਆਰਾ ਪੰਜੋਖੜਾ ਸਾਹਿਬ (ਅੰਬਾਲਾ, ਹਰਿਆਣਾ) ਵਿੱਚ ਜੋ ਕੁਝ ਵਾਪਰਿਆ ਇਹ ਉਸ ਦੇ ਨਾਲ ਅੱਜ ਜਾਂ ਕੱਲ੍ਹ ਹੋਣਾ ਹੀ ਹੋਣਾ ਸੀ। ਆਖ਼ਰ ਇਹ ਦੁਸ਼ਟ ਕਿੰਨਾ ਚਿਰ ਤਕ ਸਿੱਖ ਕੌਮ ਦੇ ਹੱਥੋਂ ਬਚ ਜਾਂਦਾ! ਇਹਨਾਂ ਭੂਤਰੇ ਹੋਏ ਸਾਨ੍ਹਾਂ ਨੂੰ ਸਰਕਾਰੀ ਸੁਰੱਖਿਆ ਉੱਤੇ ਬੜਾ ਹੰਕਾਰ ਸੀ ਜੋ ਸਿੱਖਾਂ ਨੇ ਚੂਰ-ਚੂਰ ਕਰ ਦਿੱਤਾ। ਸਿੱਖੀ ਅਤੇ ਸਿੱਖਾਂ ਖ਼ਿਲਾਫ਼ ਬੋਲ ਕੇ ਹੀ ਇਹ ਸਰਕਾਰੀ ਸੁਰੱਖਿਆ ਲੈਂਦੇ ਸਨ ਤੇ ਭਾਰਤੀ ਹਕੂਮਤ ਦੇ ਤਲਵੇ ਚੱਟਦੇ ਸਨ। ਇਹ ਸਿੱਖੀ ਭੇਖ ਵਿੱਚ ਲੁਕਿਆ ਹੋਇਆ ਆਰ.ਐੱਸ.ਐੱਸ. ਦਾ ਕਰਿੰਦਾ ਸੀ। ਇਹ ਪਾਗਲ ਮਾਨਸਿਕਤਾ ਵਾਲਾ ਮੰਡ ਸਿਰ ਉੱਤੇ ਪੱਗ ਬੰਨ੍ਹ ਕੇ, ਭਗਵਾਂ ਲਿਬਾਸ ਪਾ ਕੇ ਤੇ ਸਿੱਖੀ ਅਤੇ ਸਿੱਖਾਂ ਖ਼ਿਲਾਫ਼ ਹੀ ਭੁਗਤ ਕੇ ਆਪਣੀ ਅਕਲ ਦਾ ਦਿਵਾਲਾ ਕੱਢ ਰਿਹਾ ਸੀ। ਇਹ ਕਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੂੰ ਸਲਾਹੁੰਦਾ ਅਤੇ ਵਿਦੇਸ਼ਾਂ ਵਿੱਚ ਸਿੱਖਾਂ ਦੇ ਕਤਲਾਂ ਨੂੰ ਜਾਇਜ਼ ਠਹਿਰਾਉਂਦਾ ਸੀ। ਜਦੋਂ ਇਹ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਨੂੰ ਵੀ ਦਰੁਸਤ ਕਾਰਵਾਈ ਦੱਸਦਾ ਸੀ ਤਾਂ ਇਹ ਗੱਲ ਸੁਣ ਕੇ ਸਿੱਖਾਂ ਦੇ ਸੀਨੇ ਫੱਟਦੇ ਸਨ।

ਗੁਰਸਿਮਰਨ ਮੰਡ ਦੀ ਸ਼ਕਲ ਵੇਖ ਕੇ ਹਰ ਸਿੱਖ ਨੂੰ ਰੋਹ ਚੜ੍ਹਦਾ ਸੀ ਤੇ ਇਸ ਨੂੰ ਸੋਧਾ ਲਾਉਣ ਦੀ ਸੇਵਾ ਲੁੱਟਣ ਲਈ ਹਰ ਨੌਜਵਾਨ ਕਾਹਲਾ ਨਜ਼ਰ ਆਉਂਦਾ ਸੀ। ਇਸੇ ਤਰ੍ਹਾਂ ਹੀ ਪਹਿਲਾਂ ਸੁਧੀਰ ਸੂਰੀ, ਜੋ ਬੱਬਰ ਸ਼ੇਰ ਭਾਈ ਸੰਦੀਪ ਸਿੰਘ ਸੰਨੀ ਦੇ ਹੱਥ ਚੜ੍ਹ ਗਿਆ ਤੇ ਖ਼ਾਲਸੇ ਦੇ ਹੱਥਾਂ 'ਚੋਂ ਚੱਲੀਆਂ ਤੜ-ਤੜ ਗੋਲ਼ੀਆਂ ਨੇ ਉਸਦਾ ਘੋਗਾ ਚਿੱਤ ਕਰ ਦਿੱਤਾ ਸੀ। ਜਥੇਦਾਰ ਭਾਈ ਜਗਤਾਰ ਸਿੰਘ ਹਵਾਰੇ ਦੀ ਚਪੇੜ ਨੇ ਵੀ ਨਿਸ਼ਾਂਤ ਸ਼ਰਮਾ ਦਾ ਕੰਨ ਸੁੰਨ ਕਰ ਦਿੱਤਾ ਸੀ। ਅਮਿਤ ਅਰੋੜੇ ਵਰਗੇ ਵੀ ਕਿਸੇ ਦਿਨ ਆਪਣੀ ਛਿੱਤਰ ਪਰੇਡ ਕਰਵਾ ਲੈਣਗੇ। ਗੁਰਸਿਮਰਨ ਮੰਡ ਉੱਤੇ ਤਾਂ ਡਾਂਗਾਂ-ਬਰਛਿਆਂ ਦਾ ਸਿੱਖ ਨੌਜਵਾਨਾਂ ਨੇ ਪੂਰਾ ਮੀਂਹ ਵਰ੍ਹਾ ਦਿੱਤਾ ਤੇ ਇਹ ਪ੍ਰਤੱਖ ਨਜ਼ਾਰਾ ਦੁਨੀਆਂ ਨੇ ਸੋਸ਼ਲ ਮੀਡੀਆ ਅਤੇ ਟੀ.ਵੀ. ਚੈਂਨਲਾਂ ਰਾਹੀਂ ਵੇਖਿਆ। ਗੁਰਸਿਮਰਨ ਮੰਡ ਦੀ ਜੋ ਕੁੱਤੇਖਾਣੀ ਹੋਈ, ਉਸ ਨੂੰ ਘੜੀਸ-ਘੜੀਸ ਜੋ ਸਿੱਖ ਸੰਗਤਾਂ ਨੇ ਉਸਦੀ ਅਸਲ ਔਕਾਤ ਵਿਖਾਈ, ਉਸ ਵੱਲੋਂ ਚਾੜ੍ਹੀ ਭਾੱਜੀ ਦੂਣੀ-ਚੌਣੀ ਕਰਕੇ ਮੋੜੀ ਉਸ ਲਈ ਉਹ ਖ਼ੁਦ ਜ਼ਿੰਮੇਵਾਰ ਹੈ, ਉਸ ਦਾ ਇਹ ਹਸ਼ਰ ਹੋਣਾ ਹੀ ਹੋਣਾ ਸੀ, ਉਸਨੇ ਆਪਣੀ ਮੌਤ ਨੂੰ ਅੱਖਾਂ ਸਾਹਵੇਂ ਵੇਖ ਲਿਆ ਤੇ ਫਿਰ ਉਹ ਜੈ ਹਿੰਦ, ਜੈ ਭਾਰਤ ਤੇ ਵੰਦੇ ਮਾਤਰਮ ਦੀ ਥਾਂ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜ਼ਿੰਦਾਬਾਦ, ਖ਼ਾਲਿਸਤਾਨ ਜ਼ਿੰਦਾਬਾਦ, ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜ਼ਿੰਦਾਬਾਦ, ਇੰਦਰਾ ਗਾਂਧੀ ਮੁਰਦਾਬਾਦ, ਆਰ.ਐੱਸ.ਐੱਸ. ਮੁਰਦਾਬਾਦ ਉੱਚੀ-ਉੱਚੀ ਆਖਦਾ ਸੀ।

ਮੰਡ ਦੀ ਹੋਈ ਛਿਤਰੋਲ ਤੋਂ ਬਾਅਦ ਹੁਣ ਬਾਕੀ ਫ਼ਿਰਕੂ ਹਿੰਦੂਤਵੀਆਂ, ਪੰਥ ਦੋਖੀਆਂ, ਸ਼ਿਵ ਸੈਨਿਕਾਂ, ਭਗਵੇਂ ਬ੍ਰਿਗੇਡ ਤੇ ਹੋਰ ਲੱਲੀ-ਛੱਲੀ ਨੂੰ ਸਿੱਖ ਕੌਮ ਦੇ ਖ਼ਿਲਾਫ਼ ਆਪਣੀਆਂ ਜ਼ੁਬਾਨਾਂ ਬੰਦ ਕਰ ਲੈਣੀਆਂ ਚਾਹੀਦੀਆਂ ਹਨ ਤੇ ਮੂੰਹ ਉੱਤੇ ਛਿਕਲੀਆਂ ਜਾਂ ਤਾਲੇ ਲਗਾ ਲੈਣੇ ਚਾਹੀਦੇ ਹਨ। ਉਹਨਾਂ ਨੂੰ ਸਿਆਣੇ ਬਣ ਕੇ ਮੰਡ ਵਾਲੀ ਘਟਨਾ ਤੋਂ ਸਬਕ ਸਿੱਖ ਲੈਣਾ ਚਾਹੀਦਾ ਹੈ, ਨਹੀਂ ਤਾਂ ਫਿਰ ਉਹਨਾਂ ਨੂੰ ਪਤਾ ਵੀ ਨਹੀਂ ਲੱਗਣਾ ਕਿ ਖ਼ਾਲਸਾ ਫ਼ੌਜਾਂ ਨੇ ਕਦੋਂ ਉਹਨਾਂ ਨੂੰ ਟੱਕਰ ਪੈਣਾ ਹੈ। ਜਿਸ ਸਰਕਾਰੀ ਸਿਕਿਉਰਟੀ ਦੇ ਸਹਾਰੇ ਉਹ ਬਕਵਾਸ ਕਰਦੇ ਹਨ ਉਹ ਯਾਦ ਰੱਖਣ ਕਿ ਇੰਦਰਾ ਗਾਂਧੀ, ਜਨਰਲ ਵੈਦਿਆ, ਹਰਬੰਸ ਲਾਲ ਖੰਨਾ, ਲਾਲਾ ਜਗਤ ਨਰਾਇਣ, ਗੋਬਿੰਦ ਰਾਮ ਤੇ ਸੁਧੀਰ ਸੂਰੀ ਨੂੰ ਕੋਈ ਬਚਾ ਨਹੀਂ ਸਕਿਆ ਸੀ। ਗੁਰਸਿਮਰਨ ਮੰਡ ਨੂੰ ਛਿੱਲਣ ਵਾਲੇ ਸਿੱਖ ਨੌਜਵਾਨ ਵਧਾਈ ਦੇ ਪਾਤਰ ਅਤੇ ਸਨਮਾਨ ਦੇ ਹੱਕਦਾਰ ਹਨ। ਚੜ੍ਹਦੀ ਕਲਾ, ਸਿੰਘ ਗੱਜਦੇ ਰਹਿਣਗੇ, ਸੋਧੇ ਲੱਗਦੇ ਰਹਿਣਗੇ।

# ਖੇਤੀ ਵਿੱਚ ਡਿਜ਼ੀਟਲ ਤਕਨਾਲੋਜੀ ਦੀ ਵਰਤੋਂ ਵਧਾਉਣ ਲਈ ਪੀ.ਏ.ਯੂ. ਅਤੇ ਰੋਪੜ ਦੇ ਰਾਸ਼ਟਰੀ ਸੂਚਨਾ ਤਕਨਾਲੋਜੀ ਸੰਸਥਾਨ ਨੇ ਸਹਿਯੋਗ ਸੰਧੀ ਕੀਤੀ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 10 ਅਗਸਤ : ਪੀ.ਏ.ਯੂ. ਨੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਬਾਰੇ ਰਾਸ਼ਟਰੀ ਸੰਸਥਾਨ ਰੋਪੜ ਨਾਲ ਇਕ ਵਿਸ਼ੇਸ਼ ਸਮਝੌਤੇ ਉਪਰ ਦਸਤਖਤ ਕੀਤੇ ਹਨ| ਇਸ ਸਮਝੌਤੇ ਮੁਤਾਬਿਕ ਖੇਤੀ ਖੇਤਰ ਵਿਚ ਡਿਜ਼ੀਟਲ ਵਰਤੋਂ, ਮਸਨੂਈ ਬੁੱਧੀ, ਬਾਰੀਕ ਕਾਸ਼ਤਕਾਰੀ, ਰੋਬੋਟਿਕਸ ਅਤੇ ਸਵੈ ਸੰਚਾਲਨ ਦੇ ਨਾਲ-ਨਾਲ ਸੰਵਾਦ ਸੈਂਸਿੰਗ ਤਕਨਾਲੋਜੀਆਂ ਵਧਾਉਣ ਲਈ ਸਾਂਝੇ ਯਤਨਾਂ ਸਦਕਾ ਖੋਜ ਅਤੇ ਸਮਰਥਾ ਦਾ ਵਿਕਾਸ ਕੀਤਾ ਜਾਵੇਗਾ|

ਪੀ.ਏ.ਯੂ. ਵੱਲੋਂ ਇਸ ਸਮਝੌਤੇ ਦੌਰਾਨ ਉੱਚ ਅਧਿਕਾਰੀ ਸ਼ਾਮਿਲ ਹੋਏ ਜਿਨ੍ਹਾਂ ਵਿੱਚ ਡਾ. ਰਿਸ਼ੀਪਾਲ ਸਿੰਘ ਰਜਿਸਟਰਾਰ, ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ, ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ, ਡੀਨ ਪੋਸਟ ਗ੍ਰੈਜੂਏਟ ਸਟੱਡੀਜ਼ ਡਾ. ਵਿਸ਼ਵਜੀਤ ਸਿੰਘ ਹਾਂਸ, ਖੇਤੀ ਇੰਜਨੀਅਰਿੰਗ ਕਾਲਜ ਦੇ ਡੀਨ ਡਾ. ਮਨਜੀਤ ਸਿੰਘ, ਕਮਿਊਨਟੀ ਸਾਇੰਸ ਕਾਲਜ ਦੇ ਡੀਨ ਡਾ. ਕਿਰਨ ਬੈਂਸ, ਵਧੀਕ ਨਿਰਦੇਸ਼ਕ ਖੋਜ ਡਾ. ਮਹੇਸ਼ ਕੁਮਾਰ, ਯੂਨੀਵਰਸਿਟੀ ਲਾਇਬ੍ਰੇਰੀਅਨ ਡਾ. ਯੋਗਿਤਾ ਸ਼ਰਮਾ, ਸਿਵਲ ਇੰਜਨੀਅਰਿੰਗ ਵਿਭਾਗ ਦੇ ਮੁਖੀ ਡਾ. ਵੀ ਪੀ ਸੇਠੀ ਅਤੇ ਨੈਨੋ ਤਕਨਾਲੋਜੀ ਦੇ ਵਿਗਿਆਨੀ ਡਾ. ਐੱਮ ਐੱਸ ਸਿੱਧੂ ਮੌਜੂਦ ਸਨ|

ਰੋਪੜ ਦੇ ਸੰਸਥਾਨ ਵੱਲੋਂ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਦੀਪਕ ਵਾਸਨ, ਰਜਿਸਟਰਾਰ ਡਾ. ਮਨੀਸ਼ ਅਰੋੜਾ ਅਤੇ ਵਿਗਿਆਨੀ ਸ਼੍ਰੀ ਜਸਵੀਰ ਸਿੰਘ ਮੌਜੂਦ ਰਹੇ| ਸਮਝੌਤੇ ਦੀਆਂ ਸ਼ਰਤਾਂ ਉੱਪਰ ਡਾ. ਰਿਸ਼ੀਪਾਲ ਸਿੰਘ ਰਜਿਸਟਰਾਰ ਪੀ.ਏ.ਯੂ. ਅਤੇ ਰੋਪੜ ਸੰਸਥਾਨ ਦੇ ਨਿਰਦੇਸ਼ਕ ਸ਼੍ਰੀ ਦੀਪਕ ਵਾਸਨ ਨੇ ਸਹੀ ਪਾਈ|

ਇਸ ਮੌਕੇ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਆਪਣੇ ਵਿਸ਼ੇਸ਼ ਸੰਦੇਸ਼ ਵਿਚ ਕਿਹਾ ਕਿ ਪੀ.ਏ.ਯੂ. ਦੇਸ਼-ਵਿਦੇਸ਼ ਦੀਆਂ ਸਿਖਰਲੀਆਂ ਵਿਗਿਆਨਕ ਸੰਸਥਾਵਾਂ ਨਾਲ ਸਾਂਝ ਅਤੇ ਸਹਿਯੋਗ ਵਧਾਉਣ ਲਈ ਪ੍ਰਤੀਬੱਧ ਹੈ| ਉਹਨਾਂ ਕਿਹਾ ਕਿ ਇਸੇ ਸਿਲਸਿਲੇ ਵਿਚ ਓਹਾਈਓ ਯੂਨੀਵਰਸਿਟੀ, ਸਿਮਟ ਅਤੇ ਆਈ ਆਰ ਆਰ ਆਈ ਨਾਲ ਸਹਿਯੋਗ ਅੱਗੇ ਵਧਾਇਆ ਗਿਆ ਹੈ| ਵਾਈਸ ਚਾਂਸਲਰ ਨੇ ਕਿਹਾ ਕਿ ਖੇਤੀਬਾੜੀ ਵਿਚ ਡਿਜ਼ੀਟਲ ਤਰੀਕਿਆਂ ਦੀ ਵਰਤੋਂ ਵਧਾਉਣ ਲਈ ਅਤੇ ਖੇਤੀ ਨੂੰ ਵਿਗਿਆਨਕ ਤਰੀਕਿਆਂ ਨਾਲ ਭਰਪੂਰ ਕਰਨ ਲਈ ਯੂਨੀਵਰਸਿਟੀ ਨੇ ਨਿਰੰਤਰ ਯਤਨ ਕੀਤੇ ਹਨ| ਨਵੇਂ ਯੁੱਗ ਦੇ ਕਿਸਾਨਾਂ ਨੂੰ ਖੇਤੀ ਦੇ ਬੇਹੱਦ ਅਗਾਂਹਵਧੂ ਤਰੀਕਿਆਂ ਤੋਂ ਜਾਣੂੰ ਕਰਵਾਉਣ ਲਈ ਯੂਨੀਵਰਸਿਟੀ ਹਰ ਸੰਭਵ ਸਹਿਯੋਗ ਕਰੇਗੀ| ਇਸ ਪੱਖੋਂ ਅੱਜ ਦਾ ਇਹ ਸਮਝੌਤਾ ਬੇਹੱਦ ਲਾਹੇਵੰਦ ਸਾਬਿਤ ਹੋਵੇਗਾ|

ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਯੂਨੀਵਰਸਿਟੀ ਵੱਲੋਂ ਪੰਜਾਬ ਅਤੇ ਭਾਰਤ ਦੀ ਖੇਤੀ ਦੇ ਵਿਕਾਸ ਲਈ ਪਾਏ ਯੋਗਦਾਨ ਦੀ ਇਤਿਹਾਸ ਰੇਖਾ ਨੂੰ ਅੰਕਿਤ ਕਰਦਿਆਂ ਭੋਜਨ ਸੁਰੱਖਿਆ ਅਤੇ ਸਥਿਰ ਖੇਤੀਬਾੜੀ ਲਈ ਕੀਤੇ ਯਤਨਾਂ ਦਾ ਹਵਾਲਾ ਦਿੱਤਾ| ਉਹਨਾਂ ਕਿਹਾ ਕਿ 991 ਫਸਲਾਂ ਦੀਆਂ ਕਿਸਮਾਂ ਦੀ ਖੋਜ ਪਿਛਲੇ ਪੰਜ ਦਹਾਕਿਆਂ ਦੌਰਾਨ ਕਰਕੇ ਯੂਨੀਵਰਸਿਟੀ ਨੇ ਇਕ ਮੀਲ ਪੱਥਰ ਸਥਾਪਿਤ ਕੀਤਾ ਹੈ| ਡਾ. ਢੱਟ ਨੇ ਕਿਹਾ ਕਿ ਮੌਜੂਦਾ ਸਮੇਂ ਵਾਤਾਵਰਨ ਪੱਖੀ ਖੇਤੀ ਦੇ ਨਾਲ-ਨਾਲ ਪੋਸ਼ਣ ਸੁਰੱਖਿਆ ਵੱਲ ਯੂਨੀਵਰਸਿਟੀ ਖੋਜ ਦਾ ਧਿਆਨ ਸੇਧਤ ਹੈ| ਰੋਪੜ ਦੇ ਸੰਸਥਾਨ ਨਾਲ ਹੋਣ ਵਾਲਾ ਅੱਜ ਦਾ ਸਮਝੌਤਾ ਡਿਜ਼ੀਟਲ ਖੇਤੀਬਾੜੀ ਬਾਰੇ ਦੋਵਾਂ ਸੰਸਥਾਵਾਂ ਦੀ ਸਮਝ ਅਤੇ ਗਿਆਨ ਨੂੰ ਨਵੀਂ ਦਿਸ਼ਾ ਦੇਣ ਵਾਲਾ ਸਾਬਿਤ ਹੋਵੇਗਾ|

ਇਸ ਮੌਕੇ ਹੋਈ ਇਕੱਤਰਤਾ ਵਿਚ ਸ਼ਾਮਿਲ ਹੋਏ ਪਤਵੰਤਿਆਂ ਦਾ ਸਵਾਗਤ ਖੇਤੀ ਇੰਜਨੀਅਰਿੰਗ ਕਾਲਜ ਦੇ ਡੀਨ ਡਾ. ਮਨਜੀਤ ਸਿੰਘ ਨੇ ਕੀਤਾ| ਅੰਤ ਵਿਚ ਡਾ. ਵੀ ਪੀ ਸੇਠੀ ਨੇ ਸਭ ਲਈ ਧੰਨਵਾਦ ਦੇ ਸ਼ਬਦ ਕਹੇ| ਸਮਾਰੋਹ ਦਾ ਸੰਚਾਲਨ ਸੰਸਥਾਈ ਸੰਪਰਕ ਦੇ ਸਹਿਯੋਗੀ ਨਿਰਦੇਸ਼ਕ ਡਾ. ਵਿਸ਼ਾਲ ਬੈਕਟਰ ਨੇ ਕੀਤਾ|